ਜੁਲਾਈ 2003

# ਅੰਮ੍ਰਿਤ ਕੀਰਤਨ

# Amrit Kirtan



ਆਨਰੇਰੀ ਸੰਪਾਦਕ
ਡਾ. ਜਾਗੀਰ ਸਿੰਘ

# ਅੰਮ੍ਰਿਤ ਕੀਰਤਨ

ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ
ਅੰਕ 7 ◆ ਸਾਲ ਪੰਦਰਵਾਂ ◆ ਜੁਲਾਈ 2003



ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**, ਐਮ.ਏ., ਪੀ.ਐਚ.ਡੀ

ਸਹਿਯੋਗੀ
**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
- 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/8/90 ਮਿਤੀ 20/2/91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।
- Donations are eligible for relief u/s 80 G of Income-Tax Act, 1961 vide CIT/ CHD/ Tech./ 80-G/ 911 dated 23/05/2002 valid upto 31/ 03/2004

**ਚੰਦੇ ਦਾ ਵੇਰਵਾ**

- **ਦੇਸ਼:** ਇਕ ਕਾਪੀ 15 ਰੁ., ਸਲਾਨਾ 150 ਰੁ. ਜੀਵਨ ਮੈਂਬਰ 1500 ਰੁ.
- **ਵਿਦੇਸ਼:** ਸਲਾਨਾ 30 $, ਜੀਵਨ ਮੈਂਬਰ 300 $
- 'ਅੰਮ੍ਰਿਤ ਕੀਰਤਨ' ਲਈ ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ।


**ਚਿੱਠੀ ਪੱਤਰ ਲਈ ਪਤਾ**
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/1, ਸੈਕਟਰ 22-ਬੀ, ਚੰਡੀਗੜ੍ਹ 160 022
**ਫੋਨ** : 0172-701396, 713915

**ਰਚਨਾਵਾਂ ਭੇਜਣ ਲਈ ਪਤਾ**
ਸੰਪਾਦਕ, 'ਅੰਮ੍ਰਿਤ ਕੀਰਤਨ'
422, ਸੈਕਟਰ 15-ਏ, ਚੰਡੀਗੜ੍ਹ 160 015
**ਫੋਨ** : 0172-772660

e-mail: drjagirsingh@rediffmail.com



| | |
|---|---|
| **ਮਿਤ੍ਰੁ ਅਸਾਡੜੇ ਸੇਈ**<br>*ਪਾਠਕਾਂ ਦੇ ਪੱਤਰ* | 2 |
| **ਕਰਉ ਬੇਨੰਤੀਆ**<br>*ਸੰਪਾਦਕੀ* | 4 |
| **ਕੁਦਰਤ (ਮੌਸਮ) ਦੀ ਸੁੰਦਰਤਾ, ਗੁਰੂ ਮਹਾਰਾਜ ਦੀ ਜ਼ੁਬਾਨੀ**<br>*ਸੋਹਣ ਸਿੰਘ* | 5 |
| **ਗੁਰੂ ਤੇਗ ਬਹਾਦਰ ਜੀ ਦੀ ਬੋਲੀ ਸ਼ੈਲੀ**<br>*ਡਾ. ਚਾਨਣ ਸਿੰਘ ਨਿਰਮਲ* | 8 |
| **ਕੀਰਤਨ ਦਰਬਾਰਾਂ ਦਾ ਪੂਰਾ ਲਾਹਾ ਕਿਵੇਂ ਮਿਲ ਸਕਦਾ ਹੈ**<br>*ਕਰਤਾਰ ਸਿੰਘ ਗੋਸ਼ਟੀ* | 10 |
| **ਬੜੇ ਗੁਲਾਮ ਅਲੀ ਖਾਂ: ਕਾ ਕਰੂੰ ਸਜਨੀ**<br>*ਪ੍ਰਭਾ ਅਤ੍ਰੇ* | 14 |
| **ਸੰਗੀਤ ਵਿਚ ਤਾਲ ਦਾ ਮਹੱਤਵ**<br>*ਗੁਰਕੰਵਲ ਕੌਰ* | 17 |
| **ਸਪੀਕਰਾਂ ਦੀਆਂ ਚੀਕਾਂ**<br>*ਭਾਈ ਕਰਮ ਸਿੰਘ ਰਤਨ* | 19 |
| **Guru Arjun-The Martyr Extraordinary**<br>*Mahinder Singh* | 20 |
| **ਸੁਰ ਲਿਪੀਆਂ**<br>*ਡਾ. ਗੁਰਨਾਮ ਸਿੰਘ* | 24 |
| **ਆਓ ਕੁਝ ਕਰੀਏ** | 28 |



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐਸ. ਸੀ. ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।



COMPUTER TYPE SETTING
sohal specials
Designers & Printers
Phone: 0172 - 391443

# ਮਿਤ੍ਰ ਅਸਾਡੜੇ ਸੇਈ

♦ ਬੇਨਤੀ ਹੈ ਕਿ ਫਰਵਰੀ 2003 ਤੋਂ ਅੱਜ ਤੱਕ ਮੈਨੂੰ 4-5 ਹੀ 'ਅੰਮ੍ਰਿਤ ਕੀਰਤਨ' ਮਿਲੇ ਹਨ। ਪਿਛਲੇ ਮਹੀਨੇ ਭਾਵ ਅਪ੍ਰੈਲ ਵਿਚ ਮੇਰੇ ਐਡਰੈਸ ਵਾਲਾ ਰੈਪਰ ਬ੍ਰਟਿਸ਼ ਪੋਸਟ ਆਫਿਸ ਦੇ ਆਪਣੇ ਲਫਾਫੇ ਵਿਚ ਮਿਲਿਆ ਜਿਸ ਵਿਚ ਉਨ੍ਹੀ ਮੁਆਫੀ ਮੰਗੀ ਸੀ ਕਿ ਤੁਹਾਡੀ ਚਿੱਠੀ ਮਸ਼ੀਨ ਵਿਚ ਡੈਮੇਜ਼ ਹੋ ਗਈ। ਅੱਜ 21-5-03 ਦੀ ਡਾਕ ਵਿਚ ਭੀ ਸਿਰਫ ਰੈਪਰ ਹੀ ਮਿਲਿਆ ਹੈ। ਮੈਗਜ਼ੀਨ ਗਾਇਬ ਹੈ। ਇਹ ਸਮਝ ਨਹੀਂ ਆਉਂਦੀ ਕਿ ਮੈਗਜ਼ੀਨ ਇੰਡੀਆ ਵਿਚ ਗਾਇਬ ਹੁੰਦਾ ਹੈ ਜਾਂ ਫਿਰ ਕੋਈ ਸਜਣ ਜੋ ਬ੍ਰਿਟਿਸ਼ ਪੋਸਟ ਆਫਸ ਵਿਚ ਕੰਮ ਕਰਦਾ ਹੈ ਉਹ ਮੈਗਜ਼ੀਨ ਗਾਇਬ ਕਰਦਾ ਹੈ। ਨਮੂਨੇ ਵਜੋਂ ਰੈਪਰ ਵਾਪਸ ਭੇਜ ਰਿਹਾ ਹਾਂ। ਮੈਂ ਤਾਂ ਆਪ ਜੀ ਦੇ ਨੋਟਿਸ ਵਿਚ ਲਿਆਉਣ ਕਰਕੇ ਖਤ ਲਿਖਿਆ ਹੈ। ਮੈਨੂੰ ਸਮਝ ਨਹੀਂ ਆਉਂਦੀ ਇਸ ਦਾ ਹਲ ਕੀ ਹੋਵੇਗਾ। ਅੰਤ ਵਿਚ ਆਪ ਦੀ ਤੰਦਰੁਸਤੀ ਲਈ ਅਰਦਾਸ ਕਰਦਾ ਹਾਂ।

*- ਗਿਆਨ ਸਿੰਘ ਚੌਹਾਨ*

*Ange;a AVE, Potters Green,*
*Coventry England,CU2 2GJ*

♦ ਮਈ ਦੇ ਅੰਕ ਵਿਚ ਪੜ੍ਹ ਕੇ ਪਤਾ ਲੱਗਾ ਹੈ ਕਿ ਆਪ ਜੀ ਨੂੰ ਗੁਰਮਤਿ ਸੰਗੀਤ ਦਾ ਪੁਰਸਕਾਰ ਰਾਸ਼ਟਰੀ ਪੱਧਰ 'ਤੇ ਮਿਲਿਆ ਹੈ। ਪੜ੍ਹ ਕੇ ਬਹੁਤ ਮਨ ਪ੍ਰਸੰਨ ਹੋਇਆ ਹੈ। ਆਪ ਜੀ ਨੂੰ ਬਹੁਤ ਬਹੁਤ ਵਧਾਈਆਂ। ਸਤਿਗੁਰੂ ਆਪ ਜੀ ਨੂੰ ਸਿਹਤ ਅਤੇ ਲੰਮੀ ਆਯੂ ਬਖਸ਼ਣ। ਤੁਹਾਡੀ ਅੱਛੀ ਸਿਹਤ ਦੀ ਸਾਨੂੰ ਸਭ ਨੂੰ ਜ਼ਰੂਰਤ ਹੈ।

*- ਕਰਮ ਸਿੰਘ ਰਤਨ*

*3121, ਗਲੀ ਨੰ:3, ਨਿਊ ਸ਼ਿਮਲਾ ਕਲੋਨੀ, ਲੁਧਿਆਣਾ*

♦ 'ਅੰਮ੍ਰਿਤ ਕੀਰਤਨ' ਲਗਾਤਾਰ ਮਿਲ ਰਿਹਾ ਹੈ। ਜਿਸ ਲਈ ਤਹਿ ਦਿਲੋਂ ਧੰਨਵਾਦੀ ਹਾਂ। ਤੁਹਾਡੇ ਵਲੋਂ ਲਗਾਤਾਰ ਇਸ ਦੀ ਪ੍ਰਕਾਸ਼ਨਾ ਹੋਈ, ਇਕ ਕਰਾਮਾਤ ਹੀ ਜਾਪਦੀ ਹੈ। ਜਦੋਂ ਕਿ ਮਹਿੰਗਾਈ ਆਪਣੇ ਪੂਰੇ ਜ਼ੋਬਨ 'ਤੇ ਆ ਪਹੁੰਚੀ ਹੈ।

ਤੁਹਾਨੂੰ ਸੰਗੀਤ ਅਕੈਡਮੀ ਵਲੋਂ ਮਿਲੇ ਐਵਾਰਡ ਦਿਲ ਦੀ ਗਹਿਰਾਈਆਂ ਤੋਂ ਵਧਾਈ ਭੇਜਦਾ ਹਾਂ। ਇਹ ਐਵਾਰਡ ਤੁਹਾਡਾ ਨਹੀਂ ਸਗੋਂ ਗੁਰਮਤਿ ਸੰਗੀਤ ਦਾ ਹਾਸਲ ਹੋ ਨਿਬੜਿਆ ਹੈ। ਵਾਹਿਗੁਰੂ ਤੁਹਾਨੂੰ ਹਮੇਸ਼ਾ ਫਤਹਿਯਾਬੀਆਂ ਬਖਸ਼ੇ, ਇਹੋ ਦਾਸਰੇ ਦੀ ਅਰਦਾਸ ਹੈ।

*- ਡਾ. ਜਸਬੀਰ ਸਿੰਘ ਸਰਨਾ*

*ਨੇੜੇ ਸੁਪਰ ਬਜ਼ਾਰ, ਬਾਰਾਮੂਲਾ, ਕਸ਼ਮੀਰ 193 101*

♦ ਨੈਸ਼ਨਲ ਸੰਗੀਤ ਨਾਟਕ ਅਕੈਡਮੀ ਵਲੋਂ ਪ੍ਰਾਪਤ ਸਨਮਾਨ ਲਈ ਬਹੁਤ ਬਹੁਤ ਵਧਾਈ। ਆਪ ਨਿਸ਼ਚੇ ਹੀ ਇਸ ਦੇ ਮੁਸਤਹਕ ਹੋ। ਅਕਾਲ ਪੁਰਖ ਆਪ ਨੂੰ ਨਰੋਆ ਸਵਾਸਥ ਅਤੇ ਕੀਰਤਨ ਵਿਚ ਵਧੇਰੇ ਰਸ ਪ੍ਰਦਾਸ ਕਰੇ।

*- ਰਣਜੋਧ ਸਿੰਘ*

*50 ਐਫ ਐਫ, ਸਰਸਵਤੀ ਬਿਹਾਰ,*
*ਕਪੂਰਥਲਾ ਰੋਡ, ਜਲੰਧਰ 144 008*

♦ ਆਪਨੂੰ ਗੁਰਬਾਣੀ ਕੀਰਤਨ ਦੀ ਮਹਾਨ ਸੇਵਾਵਾਂ ਦੇ ਬਦਲੇ ਸੰਗੀਤ ਨਾਟਕ ਅਕਾਡਮੀ ਨੇ ਇਨਾਮ ਦੇ ਕੇ ਵਡਿਆਇਆ ਹੈ-ਆਪਨੂੰ ਹਾਰਦਿਕ ਵਧਾਈਆਂ ਸਵੀਕਾਰ ਹੋਣ। ਅਕਾਡਮੀ ਨੇ ਗੁਰਮਤਿ ਸੰਗੀਤ ਪ੍ਰਤੀ ਇਨਾਮ ਦੇ ਕੇ ਆਪਣਾ ਕੱਦ ਹੀ ਉੱਚਾ ਕੀਤਾ ਹੈ।

*- ਕਰਤਾਰ ਸਿੰਘ ਨੀਲਧਾਰੀ*

*162-ਏ, ਗਰੇਨ ਮਾਰਕੀਟ, ਚੰਡੀਗੜ੍ਹ 160 026*

♦ I am to convey congratulation & best wishes for your service rendered for Gurbani propagation & reward best awarded by Sahitya Academy as the honour. You may be aware that I am not Ragi or singer so it will be improper to give suggestions, but I feel this journal has a bright future and can be made very useful for 'Rag Premees' & Ragis &

bignners, through 'the medium of 'Naam, pleasure and beauty.' The satisfaction of readership is also a service, there sensibility is if understood the editorial faculty can train thousand and millions people just by giving 'knowledge, training & love' when they held it and learn through it. This is what we talk about' Distance Education' and correspondence courses. Your journal can develop & can change state of people's mind. You can become a greatest missionary in the field of 'Guru Gharana.'

***- Gulshan Jeet Singh***

*5-Rampur Mandi Road, Dehradun-248 001*

♦ I am to convey congratulation & best wishes for your service rendered for Gurbani propagation & reward bestowed by Sahitya Academy as the reward.

***- P. S. Padam***

*Gurmat Sangeet Academy (SGPC), Anandpur Sahib, Ropar*

♦ I am very pleased to know that you have been awarded prestigious Award by The National Sangeet Academy. It's the first time in the history of Academy and really you deserve the same. You are rendering a lot of services to Gurbani Kirtan since a long time. Please accept my congratulations. I do Ardas for your ......... . May more awards and rewards spin your holy feet by the grace or Waheguru.

***- Prof. L. M. Upadhyav***

*Gurbvani Prachar Seva Kendra, Tikiyatoli, Mogalpura, Patna Sahib*

♦ I compliment you and extend my heartiest congratulations and warmest felicitations on bringing out a multilingual literary magazine with a view to propagate the message of the Divine Gurus of the Sikhs and to acquaint the people at large with the universal ideas of Sikhism need of which is greater today than ever before.

The printing, paper and layout of the magazine is quite attractive and the articles published therein are very informative and topical.

I feel the English section of the magazine may be enlarged for greater readership by people of diverse communities at home and abroad.

***- R.M. Chopra***

*678, Marshall House, 25, Strand Road, Calcutta 700 001*

## ਮੇਰਾ ਅਜੀਬ ਸੁਪਨਾ

ਐਕਸੀਡੈਂਟ ਤੋਂ ਬਾਅਦ ਅਜੇ ਪੂਰੀ ਤਰ੍ਹਾਂ ਤੰਦਰੁਸਤ ਨਹੀਂ ਹੋਇਆ। ਦਫ਼ਤਰ ਜਾਣ ਲਈ ਕਾਰ ਚਲਾਉਣ ਵਾਸਤੇ ਡ੍ਰਾਈਵਰ ਰੱਖ ਲਿਆ ਹੈ। ਦਫ਼ਤਰ ਭਾਵੇਂ ਛੇਵੀਂ ਮੰਜ਼ਿਲ 'ਤੇ ਹੈ ਪਰ ਦਫ਼ਤਰ ਵਿਚ ਲਿਫਟ ਲੱਗੀ ਹੋਈ ਹੈ ਇਸ ਲਈ ਪਉੜੀਆਂ ਨਹੀਂ ਚੜਨੀਆਂ ਪੈਂਦੀਆਂ ਜਦੋਂ ਬਿਜਲੀ ਨਹੀਂ ਹੁੰਦੀ ਉਦੋਂ ਵਿਸ਼ੇਸ਼ ਪ੍ਰਬੰਧ ਕਰਕੇ ਜਨਰੇਟਰ ਨਾਲ ਲਿਫਟ ਚਲਾ ਕੇ ਮੈਨੂੰ ਦਫ਼ਤਰ ਪੁਚਾ ਦਿੱਤਾ ਜਾਂਦਾ ਹੈ। ਅਜੇ ਵੈਸਾਖੀਆਂ ਨਾਲ ਤੁਰਦਾ ਹਾਂ। ਲੱਤ ਉਤੇ ਪੂਰਾ ਭਾਰ ਪਾਉਣ ਦੀ ਡਾਕਟਰਾਂ ਵਲੋਂ ਮਨਾਹੀ ਹੈ।

ਬੈਠਾ ਬੈਠਾ ਦਫ਼ਤਰੀ ਕੰਮ ਕਰਦਾ ਹੋਇਆ ਥੱਕ ਜਾਂਦਾ ਹਾਂ ਤਾਂ ਦੁਪਹਿਰ ਲੰਚ ਸਮੇਂ ਇਕ ਠੌਂਕਾ ਜ਼ਰੂਰ ਲਗਾ ਲੈਂਦਾ ਹਾਂ।

ਇਕ ਦਿਨ ਸੁੱਤਿਆਂ ਸੁੱਤਿਆਂ ਸੁਪਨਾ ਆਇਆ ਕਿ ਸਿਰਜਣਾ ਪ੍ਰਿੰਟਰ ਦਾ ਮਾਲਕ ਜਨਮੀਤ ਸਿੰਘ ਮੈਨੂੰ ਫੋਨ 'ਤੇ ਪੁੱਛ ਰਿਹਾ ਹੈ, "ਡਾਕਟਰ ਸਾਹਿਬ! 'ਅੰਮ੍ਰਿਤ ਕੀਰਤਨ' ਦੀਆਂ ਕਿੰਨੀਆਂ ਕਾਪੀਆਂ ਛਾਪਣੀਆਂ ਹਨ" ਮੈਂ ਉਸ ਨੂੰ ਫੋਨ 'ਤੇ ਹੀ ਉੱਤਰ ਦਿੰਦਾ ਹਾਂ, "ਇਕ ਲੱਖ" ਉਹ ਫਿਰ ਪੁੱਛਦਾ ਹੈ ਕਿੰਨੀਆਂ? "ਮੈਂ ਉਚੀ ਬੋਲਦਾ ਹਾਂ "ਇਕ ਲੱਖ" ਤੇ ਆਪਣੀ ਹੀ ਆਵਾਜ਼ ਸੁਣ ਕੇ ਮੇਰੀ ਜਾਗ ਖੁੱਲ੍ਹ ਜਾਂਦੀ ਹੈ। ਮੈਂ ਸੋਚਣ ਲਗ ਪੈਂਦਾ ਹਾਂ ਇਹ ਕੀ ਸੁਪਨਾ ਹੋਇਆ? ਮੈਂ ਕਦੇ ਸੋਚਿਆ ਨਹੀਂ ਕਿ 'ਅੰਮ੍ਰਿਤ ਕੀਰਤਨ' ਦੀਆਂ ਇਕ ਲੱਖ ਕਾਪੀਆਂ ਕਦੀ ਛਪਣਗੀਆਂ? ਪਰ ਹੋ ਸਕਦਾ ਹੈ ਕਿ ਕਿਤੇ ਅਚੇਤ ਮਨ ਵਿਚ ਇਹ ਇੱਛਾ ਬੈਠੀ ਹੋਵੇ। ਬੈਠਕੇ ਸੋਚਣ ਲੱਗ ਪਿਆ। ਕੀ ਇਹ ਸੁਪਨਾ ਸੱਚ ਹੋ ਸਕਦਾ ਹੈ। ਮੇਰੇ ਅੰਦਰ ਬੈਠਾ 'ਭਾਈ ਦਲੀਲ ਸਿੰਘ' ਤਰਕ ਨਾਲ ਬੋਲਣ ਲੱਗ ਗਿਆ। ਇਹ ਕਿਵੇਂ ਸੰਭਵ ਹੈ? ਅਜੇ ਤਾਂ ਉਨ੍ਹਾਂ ਰਸਾਲਿਆਂ ਦੀ ਲੱਖ ਕਾਪੀ ਨਹੀਂ ਛਪਦੀ ਜਿਹੜੇ ਮੁਫਤ ਵੰਡੇ ਜਾਂਦੇ ਹਨ ਫਿਰ ਇਹ ਤੇਰਾ 'ਅੰਮ੍ਰਿਤ ਕੀਰਤਨ' ਕਿਹੜਾ ਰਸਾਲਿਆਂ ਵਿਚੋਂ ਰਸਾਲਾ ਹੈ। ਇਹਨੂੰ ਤਾਂ ਰਾਗੀ ਵੀ ਨਹੀਂ ਖਰੀਦਦੇ, ਜਿਹਨਾਂ ਲਈ ਇਹ ਰਸਾਲਾ ਛਾਪਿਆ ਜਾਂਦਾ ਹੈ।

ਮੈਂ ਉਸ ਨੂੰ ਕਹਿੰਦਾ ਹਾਂ, ਤੇਰੀ ਗੱਲ ਠੀਕ ਹੈ ਪਰ ਇਹ ਸੁਪਨਾ ਕਿਉਂ ਆਇਆ? ਇਹ ਸੁਪਨਾ ਵੀ ਤਾਂ ਆ ਸਕਦਾ ਸੀ ਕਿ 'ਅੰਮ੍ਰਿਤ ਕੀਰਤਨ' ਬੰਦ ਹੋ ਗਿਆ। ਪਰ ਸੁਪਨਾ ਆਇਆ ਲੱਖ ਕਾਪੀਆਂ ਛਪਣ ਦਾ ਤਾਂ ਇਹਦੇ ਵਿਚ ਕੋਈ ਤਾਂ ਭੇਦ ਹੋਵੇਗਾ। ਅਸੰਭਵ ਨੂੰ ਸੰਭਵ ਕਰਨਾ ਤਾਂ ਉਪਰ ਵਾਲੇ ਦੇ ਹੱਥ ਹੈ।

ਦਲੀਲ ਸਿੰਘ ਕਹਿਣ ਲੱਗਾ, "ਐਵੇਂ ਸੁਪਨਿਆਂ ਮਗਰ ਨਾ ਜਾ। ਜਿੰਨਾ ਕੁ ਮੈਗਜ਼ੀਨ ਛਪਦਾ ਹੈ ਉਨਾ ਛਾਪੀ ਚਲ। ਬਹੁਤਾ ਛਾਪਣ ਦੇ ਚਾਅ ਵਿਚ ਐਵੇਂ ਚਲਦਾ ਚਲਦਾ ਕੰਮ ਰਹਿ ਹੀ ਨਾ ਜਾਵੇ।"

ਕੁਝ ਦਿਨ ਇਦਾਂ ਹੀ ਸੋਚੀ ਗਿਆ। ਪਰ ਕੁਝ ਨਹੀਂ ਸੁਝ ਰਿਹਾ। ਇਸ ਸੁਪਨੇ ਦਾ ਕੀ ਉੱਤਰ ਦਿਆਂ। ਇਕ ਪੁਸਤਕ ਪੜ੍ਹੀ ਸੀ ਜਿਸ ਵਿਚ ਲਿਖਿਆ ਸੀ ਕਿ ਆਪਣੇ ਸੁਪਨੇ ਲਿਖ ਲਵੋ। ਲਿਖਣ ਨਾਲ ਸੁਪਨੇ ਪੂਰੇ ਹੋ ਜਾਂਦੇ ਹਨ।

ਇਸ ਸੁਪਨੇ ਦੀ ਲੋਅ ਵਿਚ ਇਹ ਫੈਸਲਾ ਕੀਤਾ ਹੈ ਕਿ ਜੋ ਕਿਸੇ ਗੁਰਦੁਆਰੇ ਤੋਂ ਲਿਖਤੀ ਮੰਗ ਆਵੇਗੀ ਤਾਂ ਉਸ ਨੂੰ ਇਕ ਸਾਲ ਲਈ 'ਅੰਮ੍ਰਿਤ ਕੀਰਤਨ' ਮੁਫਤ ਭੇਜ ਦਿਆਂਗੇ। ਕੀ ਪਤਾ ਇਹ ਅਜੀਬ ਸੁਪਨਾ ਇੰਜ ਸੱਚ ਹੋਣਾ ਹੋਵੇ। ਤੁਹਾਡੀ ਕੀ ਖ਼ਿਆਲ ਹੈ? ਲਿਖਣਾ।

# ਕੁਦਰਤ (ਮੌਸਮ) ਦੀ ਸੁੰਦਰਤਾ, ਗੁਰੂ ਮਹਾਰਾਜ ਦੀ ਜ਼ੁਬਾਨੀ

ਸੋਹਣ ਸਿੰਘ
3027, ਸੈਕਟਰ 27-ਡੀ
ਚੰਡੀਗੜ੍ਹ

੧ਓ : ਉਹ ਪ੍ਰਮ ਸ਼ਕਤੀ ਜੋ ਕੇਵਲ ਇਕ ਹੈ, ਨਿਰਗੁਨ ਸਰਗੁਨ ਸਰੂਪ ਹੈ ਤੇ ਇਕੋ ਹੀ ਉਸ ਦੀ ਕੁਦਰਤ ਸੁਭਾਇਮਾਨ ਹੈ। ਗੁਰੂ ਨਾਨਕ ਸਾਹਿਬ ਨੇ ਇਸੀ ਅੱਖਰ ਨੂੰ ਸਤਿਨਾਮ (ਸਚਾ ਨਾਮ) ਦੀ ਪਦਵੀ ਵੀ ਪ੍ਰਦਾਨ ਕੀਤੀ ਹੈ। ਉਹਨਾਂ ਨੇ ਜਪੁਜੀ ਸਾਹਿਬ ਵਿਚ ਉਸ ਦੇ ਸਰੂਪ ਨੂੰ ਮੂਲ ਮੰਤਰ *(੧ਓ ਸਤਿਨਾਮੁ ਕਰਤਾ ਪੁਰਖੁ, ਨਿਰਭਉ ਨਿਰਵੈਰੁ, ਅਕਾਲ ਮੂਰਤਿ, ਅਜੂਨੀ ਸੈਭੰ ਗੁਰ ਪ੍ਰਸਾਦਿ)* ਰਾਹੀਂ ਕਲਮਬੰਦ ਕੀਤਾ ਹੈ ਤੇ ਕੁਦਰਤ (ਜਿਸ ਨੂੰ ਸਰੀਰਕ ਇੰਦ੍ਰੀਆਂ ਰਾਹੀਂ ਮਹਿਸੂਸ ਕੀਤਾ ਜਾ ਸਕੇ ਯਾਂ ਗਿਆਨ ਇੰਦ੍ਰੀਆਂ ਰਾਹੀਂ ਸੂਖਮਤਾ ਦਾ ਅਨੁਭਵ ਕੀਤਾ ਜਾ ਸਕੇ) ਦੀ ਖੁੱਲ੍ਹ ਕੇ ਆਪਣੀ ਬਾਣੀ ਰਾਹੀਂ ਵਿਆਖਿਆ ਕੀਤੀ ਹੈ। ਪਰੰਤੂ ਫਿਰ ਵੀ ਕਿਹਾ ਹੈ ਕਿ ਜਿਥੇ ਪ੍ਰਮ ਸ਼ਕਤੀ ਆਗੰਮ ਹੈ, ਅਗੋਚਰ ਹੈ ਉਥੇ ਕੁਦਰਤ ਦਾ ਵੀ ਅੰਤ ਨਹੀਂ ਪਾਇਆ ਜਾ ਸਕਦਾ *"ਕੁਦਰਤਿ ਕਵਣ ਕਹਾ ਵੀਚਾਰੁ, ਵਾਰਿਆ ਨ ਜਾਵਾ ਏਕ ਵਾਰ"* ਇਸ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਜਦੋਂ ਪ੍ਰਮ ਸ਼ਕਤੀ ਤੇ ਕੁਦਰਤ ਦੋਨੋ ਹੀ ਅਗੰਮ ਹਨ ਅਗੋਚਰ ਹਨ ਤਾਂ ਪ੍ਰਮ ਸ਼ਕਤੀ ਦੇ ਦਰਸ਼ਨ ਕੇਵਲ ਕੁਦਰਤ ਰਾਹੀਂ ਹੀ ਹੋ ਸਕਦੇ ਹਨ। ਜਿਸ ਤਰ੍ਹਾਂ ਕਿ ਭਗਤਾਂ ਨੇ ਉਸ ਦੇ ਦਰਸ਼ਨ ਜਲੌ ਤੇ ਧੁਨਿ ਤੇ ਮਿਸ਼ਰਨ ਰਾਹੀਂ ਕੀਤੇ ਜਾ ਸਕਦੇ ਦਰਸਾਏ ਹਨ। *"ਬਲਿਹਾਰੀ ਕੁਦਰਤ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥"*

ਗੁਰੂ ਨਾਨਕ ਸਾਹਿਬ ਨੇ ਆਪਣੀ ਸਰੀਰਕ ਉਮਰ ਦਾ ਜ਼ਿਆਦਾ ਸਮਾ ਕੁਦਰਤ ਦੇ ਨਜ਼ਾਰਿਆਂ ਦੀ ਮੌਜ ਮਸਤੀ ਦਾ ਆਨੰਦ ਲੈਂਦਿਆਂ ਬਿਤਾਏ ਸਨ ਤੇ ਹਰ ਮੌਕੇ ਤੇ ਆਪਣੀ ਬਾਣੀ/ਕਾਵਿ ਰਾਹੀਂ ਉਸ ਕੁਦਰਤ ਨੂੰ ਖੁਭ ਕੇ ਵਰਣਨ ਕੀਤਾ ਤੇ ਉਸ ਦੀ ਸੁੰਦਰਤਾ ਨੂੰ ਉਚ ਪੱਧਰ ਦੀ ਕਾਵਿ ਰਾਹੀਂ ਸਲਾਹਿਆ ਹੈ। ਇਸੀ ਕੁਦਰਤ ਵਿਚੋਂ ਹੀ ਉਸ ਪ੍ਰਮ ਸ਼ਕਤੀ ਦੇ ਹਮੇਸ਼ਾ ਦਰਸ਼ਨ ਕਰਦੇ ਰਹੇ, ਮਨ ਦੀ ਸਥਿਰਤਾ ਕਾਇਮ ਕੀਤੀ ਤੇ ਉਸ ਪ੍ਰਮ ਸ਼ਕਤੀ ਨਿਰਗੁਨ ਸਰੂਪ ਵਿਚ ਸੁਰਤ ਜੋੜਦੇ ਰਹੇ। ਗੁਰੂ ਨਾਨਕ ਸਾਹਿਬ ਦੀ ਕੁਦਰਤ ਪ੍ਰਤੀ ਕਾਵਿ ਨੇ ਨੋਬਲ ਪ੍ਰਾਈਜ਼ ਵਿਜੇਤਾ (ਲਿਟਰੇਚਰ) ਸ੍ਰੀ ਰਾਬਿੰਦਰਾ ਨਾਥ ਟੈਗੋਰ ਨੂੰ ਬਹੁਤ ਪ੍ਰਭਾਵਤ ਕੀਤਾ ਸੀ ਤੇ ਇਸੇ ਲਈ ਉਸ ਨੇ ਪੰਜਾਬੀ ਕਾਵਿ ਨੂੰ ਉਚ ਪੱਧਰ ਦਾ ਦਰਜਾ ਦਿੱਤਾ ਹੋਇਆ ਹੈ।

ਆਸਾੜ ਦੇ ਮਹੀਨੇ ਜਦੋਂ ਧਰਤੀ ਤੇ ਅੱਤ ਦੀ ਗਰਮੀ ਪੈਂਦੀ ਹੈ, ਸੂਰਜ ਦੇਵਤਾ ਆਪਣੇ ਜੋਬਨ ਤੇ ਹੁੰਦਾ ਹੈ ਤੇ ਹਰ ਜੀਵ/ਬਨਾਸਪਤੀ ਲਈ ਇਹ ਰੁਤ ਦੁਖਦਾਈ ਹੁੰਦੀ ਹੈ ਤਾਂ ਗੁਰੂ ਮਹਾਰਾਜ ਕੁਦਰਤ (ਜੋ ਪ੍ਰਮ ਸ਼ਕਤੀ ਦੇ ਨਿਰਧਾਰਤ ਅਨੁਸ਼ਾਸਨ ਵਿਚ ਵਿਚਰਦੀ ਹੈ) ਨੂੰ ਵਰਣਨ ਕਰਦਿਆਂ ਹੋਇਆਂ ਪ੍ਰਾਣੀ ਨੂੰ ਉਸ ਦਾਤੇ ਨਾਲ ਜੋੜਨ ਲਈ ਤੇ ਮਨ ਚ ਸੁਖ ਪ੍ਰਾਪਤ ਕਰ ਲਈ ਤੁਖਾਰੀ ਰਾਗ ਰਾਹੀਂ ਇਉਂ ਉਪਦੇਸ਼ ਕਰਦੇ ਹਨ।

*ਅਸਾੜੁ ਭਲਾ ਸੂਰਜਿ ਗਗਨਿ ਤਪੈ॥*
*ਧਰਤੀ ਦੂਖ ਸਹੈ ਸੋਖੈ ਅਗਨਿ ਭਖੈ॥*

(ਪੰਨਾ 1107)

ਹਾੜ੍ਹ ਦਾ ਮਹੀਨਾ ਚੰਗਾ ਹੈ ਜਦੋਂ ਸੂਰਜ ਨੇ ਅਲਾਹੀ ਅਨੁਸ਼ਾਸਨ ਚ ਰਹਿੰਦਿਆਂ ਅਸਮਾਨ ਨੂੰ ਗਰਮੀ ਨਾਲ ਤਪਾ ਛੱਡਿਆ ਹੁੰਦਾ ਹੈ। ਧਰਤੀ ਅਗਨੀ ਵਾਂਗੂੰ ਭਖਦੀ ਹੈ ਤੇ ਹਰ ਥਾਂ ਸੋਕਾ ਹੀ ਛਾਇਆ ਹੋਇਆ ਹੁੰਦਾ ਹੈ ਜਿਸ ਕਾਰਨ ਇਹ ਧਰਤੀ ਅਤੀ ਦੁਖੀ ਹੁੰਦੀ ਹੈ।

*ਅਗਨਿ ਰਸੁ ਸੋਖੈ ਮਰੀਐ ਧੋਖੈ*
*ਭੀ ਸੋ ਕਿਰਤੁ ਨ ਹਾਰੇ॥*
*ਰਥੁ ਫਿਰੈ ਛਾਇਆ ਧਨ ਤਾਕੈ*
*ਟੀਡੁ ਲਵੈ ਮੰਝਿ ਬਾਰੇ॥*

ਗਰਮੀ ਧਰਤੀ ਤੇ ਅਸਮਾਨ ਚੋਂ ਤਰਾਵਤ

ਸੁਖਾ ਦਿੰਦੀ ਹੈ। ਬਨਾਸਪਤੀ ਤੇ ਛੋਟੇ ਜੀਵ ਧੁਖ ਧੁਖ ਕੇ ਮਰ ਜਾਂਦੇ ਹਨ ਫਿਰ ਵੀ ਰਹਿੰਦੇ ਜੀਵ ਜੰਤੂ ਆਪਣੀ ਆਪਣੀ ਕਿਰਤ (ਕੰਮ ਕਾਜ) ਚ ਲੱਗੇ ਰਹਿੰਦੇ ਹਨ। ਧਰਤੀ ਅਨੁਸ਼ਾਸਨ ਅਨੁਸਾਰ ਚੱਕਰ ਕੱਟਦੀ ਰਹਿੰਦੀ ਹੈ। ਇਨਸਾਨ ਯਾਨੀ ਜੀਵ ਇਸਤਰੀ ਗਰਮੀ ਤੋਂ ਦੁਖੀ ਹੋ ਛਾਇਆ ਨੂੰ ਭਾਲਦੀ ਹੈ। ਬੀਂਡੇ ਬਾਰ ਦੇ ਇਲਾਕੇ (ਜੰਗਲ) ਵਿਚ ਆਪਣੀ ਬੋਲੀ ਚ ਸ਼ਾਇਦ ਮੀਂਹ ਦੀਆਂ ਬੂੰਦਾਂ ਨੂੰ ਵਾਜਾਂ ਮਾਰਦੇ ਹਨ।

*ਅਵਗਣ ਬਾਧਿ ਚਲੀ ਦੁਖੁ ਆਗੈ,*
*ਸੁਖ ਤਿਸ ਸਾਚ ਸਮਾਲੇ॥*
*ਨਾਨਕ ਜਿਸ ਨੋ ਇਹੁ ਮਨੁ ਦੀਆ*
*ਮਰਣੁ ਜੀਵਣੁ ਪ੍ਰਭ ਨਾਲੇ॥*

ਜਿਹੜੀ ਜੀਵ ਇਸਤਰੀ ਏਥੋਂ ਅਵਗੁਣਾਂ ਦੀ ਪੰਡ ਬੰਨ੍ਹ ਕੇ ਤੁਰਦੀ ਹੈ ਉਹਨੂੰ ਅੱਗੇ ਦੁਖ ਹੀ ਸਹਾਰਨੇ ਪੈਂਦੇ ਹਨ। ਗੁਰੂ ਨਾਨਕ ਸਾਹਿਬ ਫਰਮਾਉਂਦੇ ਹਨ ਕਿ ਜਿਸ ਦੇ ਮਨ ਚ ਸਚੁ ਸੰਭਾਲਣ ਦੀ ਸ਼ਕਤੀ ਹੈ ਉਹਨੂੰ ਹੀ ਅੱਗੇ ਸੁਖ ਮਿਲਦਾ ਹੈ ਤੇ ਉਹੀ ਜਨਮ ਮਰਨ (ਜੋ ਪ੍ਰਭੂ ਤੇ ਹੱਥ ਚ ਹੈ) ਤੋਂ ਛੁਟਕਾਰਾ ਲੈ ਲੈਂਦਾ ਹੈ।

ਸਾਵਣ ਦੇ ਮਹੀਨੇ ਬੱਦਲਾਂ ਦੀਆਂ ਕਾਲੀਆਂ ਘਟਾਵਾਂ ਆਉਂਦੀਆਂ ਹਨ, ਮੀਂਹ ਪੈਂਦਾ ਹੈ, ਮੌਸਮ ਸੁਹਾਵਨਾ ਹੋ ਜਾਂਦਾ ਹੈ, ਸਰੀਰ ਨੂੰ ਸੁਖ ਮਿਲਦਾ ਹੈ ਪਰੰਤੂ ਮਨ ਨੂੰ ਸੁਖ ਨਹੀਂ ਮਿਲਦਾ ਜਦੋਂ ਤੱਕ ਪਿਆਰਾ ਪ੍ਰੀਤਮ ਨ ਮਿਲੇ। ਗੁਰੂ ਸਾਹਿਬ ਨੇ ਸਰੀਰਕ ਸੁਖ ਦੇ ਨਾਲ ਨਾਲ ਮਨ ਦਾ ਸੁਖ ਜੋ ਅਸਲੀ ਸੁਖ ਹੈ, ਦੇ ਭਾਲਣ ਦਾ ਉਪਰਾਲਾ ਦੱਸਿਆ ਹੈ।

*ਸਾਵਣਿ ਸਰਸ ਮਨਾ*
*ਘਣ ਵਰਸਹਿ ਰੁਤਿ ਆਏ।*
*ਮੈ ਮਨਿ ਤਨਿ ਸਹੁ ਭਾਵੈ*
*ਪਿਰ ਪਰਦੇਸਿ ਸਿਧਾਏ॥* (ਪੰਨਾ 1107)

ਸਾਵਣ ਦੇ ਮਹੀਨੇ ਹੇ ਪ੍ਰਾਣੀ ਤੇਰਾ ਮਨ ਖੁਸ਼ੀ ਨਾਲ ਖਿੜ ਜਾਂਦਾ ਹੈ ਜਦੋਂ ਬੱਦਲ ਅਨੁਸ਼ਾਸਨਿਕ ਰੁਤ ਅਨੁਸਾਰ ਵਰ੍ਹਦੇ ਹਨ। ਮੈਨੂੰ ਉਸ ਪ੍ਰਭੂ ਦੀ ਕੁਦਰਤ ਦੇਖ ਕੇ ਪ੍ਰੀਤਮ ਨਾਲ ਪਿਆਰ ਉਮੜਦਾ ਹੈ ਪਰੰਤੂ ਪ੍ਰੀਤਮ ਦੂਰ ਦਰਾਡੇ ਹੈ।

*ਪਿਰੁ ਘਰਿ ਨਹੀਂ ਆਵੈ ਮਰੀਐ*
*ਹਾਵੈ ਦਾਮਨਿ ਚਮਕਿ ਡਰਾਏ॥*
*ਸੇਜ ਇਕੇਲੀ ਖਰੀ ਦੁਹੇਲੀ*
*ਮਰਣੁ ਭਇਆ ਦੁਖੁ ਮਾਏ॥*

ਪ੍ਰੀਤਮ ਹਿਰਦੇ ਘਰ ਵਿਚ ਨਹੀ ਟਿਕ ਰਿਹਾ, ਇਸ ਕਰਕੇ ਹੌਕੇ ਲੈਂਦੀ ਹੋਈ ਮਰਨ ਵਾਲੀ ਹੋਈ ਹੋਈ ਹਾਂ ਕਿਉਂਕਿ ਬੱਦਲਾਂ ਵਿਚ ਬਿਜਲੀ ਦੀ ਚਮਕ ਡਰਾਉਂਦੀ ਹੈ। ਹੇ ਮਾਂ, ਮੇਰੀ ਹਿਰਦੇ ਰੂਪੀ ਸੇਜ ਖਾਲੀ ਹੈ ਤੇ ਮੈਂ ਬਹੁਤ ਦੁਖੀ ਹਾਂ, ਇਹ ਦੁਖ ਮੌਤ ਦੇ ਬਰਾਬਰ ਹੈ।

*ਹਰਿ ਬਿਨੁ ਨੀਂਦ ਭੂਖ ਕਹੁ ਕੈਸੀ*
*ਕਾਪੜੁ ਤਨਿ ਨ ਸੁਖਾਵਏ॥*
*ਨਾਨਕ ਸਾ ਸੋਹਾਗਣਿ ਕੰਤੀ*
*ਪਿਰ ਕੈ ਅੰਕਿ ਸਮਾਵਏ॥*

ਹਰੀ ਪ੍ਰੀਤਮ ਤੋਂ ਬਗੈਰ ਨੀਂਦ ਨਹੀਂ ਆਉਂਦੀ, ਭੁਖ ਨਹੀਂ ਲੱਗਦੀ, ਕੋਈ ਕੱਪੜਾ ਸਰੀਰ ਨੂੰ ਸੁਖ ਨਹੀਂ ਦੇ ਰਿਹਾ। ਗੁਰੂ ਨਾਨਕ ਸਾਹਿਬ ਫੁਰਮਾਉਂਦੇ ਹਨ ਕਿ ਸਤਵੰਤੀ ਨਾਰ ਉਹੀ ਹੈ ਜੋ ਆਪਣੇ ਪ੍ਰੀਤਮ ਹਰੀ ਦੇ ਅੰਗ ਅੰਗ ਚ ਸਮਾ ਕੇ ਉਸ ਦਾ ਹੀ ਰੂਪ ਹੋ ਜਾਵੇ।

ਭਾਦੋਂ ਦੇ ਮਹੀਨੇ ਬਦਲ ਆਉਂਦੇ ਹਨ ਕਦੀ ਵਰ੍ਹਦੇ ਹਨ ਤੇ ਕਦੀ ਉਦਾਂ ਹੀ ਉਡ ਜਾਂਦੇ ਹਨ। ਦਵੈਤ ਭਾਵ ਹੁੰਦਾ ਹੈ। ਤਰਾਵਤ ਤੇ ਗਰਮੀ ਕਰਕੇ ਸਰੀਰ ਨੂੰ ਖੂਬ ਮੁੜਕਾ ਆਉਂਦਾ ਹੈ, ਭਟਕਣ ਲਗਦੀ ਹੈ, ਮੱਛਰ ਤੇ ਜਹਰੀਲੇ ਜਾਨਵਰ ਖੁਡਾਂ ਚ ਪਾਣੀ ਭਰ ਜਾਣ ਕਰਕੇ ਬਾਹਰ ਆ ਜਾਂਦੇ ਹਨ ਤੇ ਆਪਣੇ ਵੇਲੇ ਕਵੇਲੇ ਜਹਿਰ ਉਗਲਦੇ ਰਹਿੰਦੇ ਹਨ। ਸਾਵਨ ਦੀ ਬਾਰਸ਼ ਕਰਕੇ ਛਪੜ ਤੇ ਨਦੀਆਂ ਚ ਹੜ੍ਹ ਵੀ ਆ ਜਾਂਦਾ ਹੈ। ਗੁਰੂ ਮਹਾਰਾਜ ਨੇ ਕੁਦਰਤ ਦੇ ਨਜ਼ਾਰਿਆਂ ਨੂੰ ਕੁਝ ਕੁ ਅਖਰਾਂ ਰਾਹੀਂ ਅਤੀ ਸੁਚੱਜੇ ਢੰਗ ਨਾਲ ਬਿਆਨ ਕਰਕੇ ਪ੍ਰਾਣੀ ਨੂੰ ਉਸ ਕਰਤੇ ਦੇ ਲੜ ਲਾਉਣ ਲਈ ਉਪਦੇਸ਼ ਦਿੱਤਾ ਹੈ।

*ਭਾਦਉ ਭਰਮਿ ਭੁਲੀ ਭਰਿ ਜੋਬਨਿ ਪਛੁਤਾਣੀ॥*
*ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ॥*
(ਪੰਨਾ 1107)

ਭਾਦਉਂ ਦੇ ਦਵੈਤ ਭਾਵੀ ਮਹੀਨੇ ਵਾਂਗੂੰ ਪ੍ਰਾਣੀ ਭਰ ਜਵਾਨੀ ਦੀ ਮਸਤੀ ਵਿਚ ਅਸਲ ਰਾਹ ਤੋਂ ਖੁੰਝਿਆ ਫਿਰਦਾ ਹੈ ਤੇ ਅਖੀਰ ਵਿਚ

ਇਸ ਗਵਾਏ ਸਮੇਂ ਨੂੰ ਯਾਦ ਕਰਕੇ ਪਛਤਾਉਂਦਾ ਹੈ। ਭਾਦੋਂ ਦੇ ਮਹੀਨੇ ਨਦੀਆਂ ਨਾਲੇ ਤੇ ਛੱਪੜ ਪਾਣੀ ਨਾਲ ਭਰ ਜਾਂਦੇ ਹਨ। ਇਹ ਬਰਸਾਤ ਦੀ ਰੁਤ ਖੁਸ਼ੀਆਂ ਮਾਨਣ ਵਾਲੀ ਹੁੰਦੀ ਹੈ।

*ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ*
*ਦਾਦਰ ਮੋਰ ਲਵੰਤੇ॥*
*ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ*
*ਭੁਇਅੰਗਮ ਫਿਰਹਿ ਡਸੰਤੇ॥*

ਕਾਲੀਆਂ ਰਾਤਾਂ ਚ ਮੀਂਹ ਪੈਂਦਾ ਹੋਵੇ ਤਾਂ ਅੱਲੜ ਪ੍ਰਾਣੀ ਨੂੰ ਕਿਦਾਂ ਸੁਖ ਮਿਲ ਸਕਦਾ ਹੈ। ਭਾਦੋਂ ਵਿਚ ਡੱਡੂ ਤੇ ਮੋਰ ਆਪਣੀ ਆਪਣੀ ਬੋਲੀ ਬੋਲਦੇ ਹਨ, ਪਪੀਹੇ ਆਪਣੇ ਪ੍ਰੀਤਮ ਲਈ ਪਿਊ ਪਿਊ ਕਰਦੇ ਹਨ ਤੇ ਜਹਿਰੀਲੇ ਜਾਨਵਰ (ਸੱਪ ਆਦਿ) ਆਪਣਾ ਜਹਿਰ ਉਗਲਦੇ ਫਿਰਦੇ ਹਨ।

*ਮਛਰ ਡੰਗ ਸਾਇਰ ਭਰ ਸੁਭਰ*
*ਬਿਨੁ ਹਰਿ ਕਿਉ ਸੁਖੁ ਪਾਈਐ॥*
*ਨਾਨਕ ਪੂਛਿ ਚਲਉ ਗੁਰ ਅਪੁਨੇ*
*ਜਹ ਪ੍ਰਭੁ ਤਹ ਹੀ ਜਾਈਐ॥*

ਇਸ ਮਹੀਨੇ ਟੋਏ ਟੋਬੇ ਨਕੋ ਨੱਕ ਪਾਣੀ ਨਾਲ ਭਰ ਜਾਂਦੇ ਹਨ ਤੇ ਮੱਛਰ ਵੀ ਵਾਹਵਾ ਹੋ ਜਾਂਦਾ ਹੈ ਤੇ ਹਰ ਜੀਵ ਨੂੰ ਕੱਟਣ ਨਾਲ ਆਪਣਾ ਰੰਗ ਦਿਖਾਉਂਦਾ ਹੈ। ਇਹੋ ਜਹੇ ਮਹੋਲ ਵਿਚ ਗੁਰੂ ਤੋਂ ਹੀ ਰੋਸ਼ਨੀ ਲੈਣੀ ਸ਼ੋਭਦੀ ਹੈ ਕਿ ਪ੍ਰੀਤਮ ਪ੍ਰਭੂ ਕਿੱਥੇ ਹੈ, ਉਥੇ ਹੀ ਜਾਣਾ ਕਰੀਐ ਕਿਉਂਕਿ ਉਸ ਤੋਂ ਬਗੈਰ ਆਤਮਿਕ ਸੁਖ ਕਿਦਾਂ ਮਿਲ ਸਕਦਾ ਹੈ?

ਉਪਰੋਕਤ ਦਿੱਤੀ ਵਿਆਖਿਆ ਕੇਵਲ ਆਉਣ ਵਾਲੇ ਤਿੰਨ ਮਹੀਨਿਆਂ ਦੀ ਹੀ ਹੈ। ਗੁਰਮਤਿ ਅਨੁਸਾਰ ਸੰਗਰਾਂਦ, ਪੂਰਨਮਾਸੀ, ਮੱਸਿਆ ਗ੍ਰਹਿ, ਰੁਤ ਆਦਿ ਦਾ ਕੋਈ ਖਾਸ ਮਹੱਤਵ ਨਹੀਂ ਹੈ। ਸੰਗਰਾਦ ਕਿਸੇ ਮਹੀਨੇ ਦੀ ਪਹਿਲੀ ਮਿਤੀ ਨੂੰ ਗਿਣਿਆ ਜਾਂਦਾ ਹੈ ਜਦੋਂ ਕਿ ਮਹੀਨੇ ਕੇਵਲ ਸਮੇਂ ਦੀ ਵੰਡ ਹੈ ਜੋ ਇਨਸਾਨ ਨੇ ਖੁਦ ਹੀ ਕੀਤੀ ਹੋਈ ਹੈ। ਸੂਰਜਮੁਖੀ ਮਹੀਨਿਆਂ 'ਚ ਸੰਗਰਾਂਦ ਦੇ ਦਿਨ ਚੰਦਰਮੁਖੀ ਮਹੀਨਿਆਂ ਤੋਂ ਭਿੰਨ ਹਨ। ਗ੍ਰਹਿ ਆਦਿ ਸਿਆਰਿਆਂ ਦੀ ਗਰਦਸ਼ ਦਾ ਨਤੀਜਾ ਹਨ ਜੋ ਕੁਦਰਤ ਦੇ ਬਣਾਏ ਹੋਏ ਅਨੁਸ਼ਾਸਨ ਮੁਤਾਬਕ ਗਿਣੇ ਮਿਥੇ ਸਮੇਂ 'ਚ ਆਉਂਦੇ ਹੀ ਰਹਿੰਦੇ ਹਨ। ਪੂਰਨਮਾਸੀ ਤੇ ਮੱਸਿਆ ਵੀ ਇਸੇ ਅਨੁਸ਼ਾਸਨ ਦਾ ਨਤੀਜਾ ਹਨ। ਗੁਰਮਤਿ ਤਾਂ ਹਰ ਦਿਨ, ਹਰ ਰਾਤ, ਹਰ ਸਮੇਂ ਨੂੰ ਮੁਬਾਰਕ ਗਿਣਦੀ ਹੈ ਤੇ ਸੁਹਾਵਣਾ ਦਰਸਾਉਂਦੀ ਹੈ ਜੇ ਪ੍ਰਾਣੀ ਦਾ ਮਨ ਉਸ ਪ੍ਰਮ ਸ਼ਕਤੀ ਦੇ ਚਰਨਾਂ 'ਚ ਲੱਗ ਜਾਵੇ। ਕੁਦਰਤ ਦੀ ਅਸਚੱਰਜਤਾ ਨੂੰ ਮਹਿਸੂਸ ਕਰਦਿਆਂ ਹੋਇਆਂ ਜੇ ਪ੍ਰਾਣੀ ਦਾ ਮਨ ਇਕਾਗਰਤਾ 'ਚ ਆਉਂਦਾ ਹੈ ਤਾਂ ਕੁਦਰਤ ਜਾਂ ਇਨਸਾਨ ਦਾ ਬਣਾਇਆ ਹੋਇਆ ਸਮਾਂ ਜਾਂ ਦਿਨ ਪ੍ਰਸੰਸਾ ਯੋਗ ਹੈ। ਇਸ ਮੰਤਵ ਨੂੰ ਲੈ ਕੇ ਗੁਰੂ ਸਾਹਿਬਾਂ ਨੇ ਬਾਰਾਂ ਮਾਂਹ ਬਾਣੀ ਦੀ ਰਚਨਾ ਕੀਤੀ ਲੱਗਦੀ ਹੈ। ਗੁਰੂ ਨਾਨਕ ਸਾਹਿਬ ਦੀ ਤੁਖਾਰੀ ਰਾਗ ਵਿੱਚ ਇਹ ਬਾਣੀ ਕੁਦਰਤ ਦੀ ਵਾਹ-ਵਾਹ ਕਰਨ ਤੇ ਪ੍ਰਮ ਸ਼ਕਤੀ ਦੇ ਚਰਨਾ 'ਚ ਮਨ ਜੋੜਨ ਲਈ ਬਹੁਤ ਢੁਕਵੀਂ ਸਹਾਇਤਾ ਦਿੰਦੀ ਹੈ ਇਸ ਲਈ ਇਸ ਬਾਣੀ ਨੂੰ ਭੁਲਣਾ ਨਹੀਂ ਸ਼ੋਹਭਦਾ। ਦਾਸ ਦੀ ਬੇਨਤੀ ਹੈ ਕਿ ਸੰਗਰਾਂਦ ਵਾਲੇ ਦਿਨ ਗੁਰੂ ਨਾਨਕ ਸਾਹਿਬ ਦੇ ਰਾਗ ਤੁਖਾਰੀ ਵਿੱਚ ਉਚਾਰੇ ਹੋਏ ਬਾਰਾਂ ਮਾਂਹ ਦਾ ਪਾਠ ਗੁਰੂ ਅਰਜਨ ਦੇਵ ਜੀ ਦੇ ਰਾਗ ਮਾਝ ਦੇ ਬਾਰਾਂ ਮਾਹ ਦੇ ਪਾਠ ਨਾਲ ਜੇ ਹੋਵੇ ਤਾਂ ਅਤੀ ਸੁਹਾਵਣਾ ਹੈ ਤੇ ਗੁਣਕਾਰੀ ਵੀ। ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਕਾਲ ਤਖ਼ਤ ਸਾਹਿਬ ਜਥੇਦਾਰ ਰਾਹੀਂ ਖਾਲਸਈ ਮਰਯਾਦਾ 'ਚ ਥੋੜੀ ਤਰਮੀਮ ਕਰਦਿਆਂ ਹੋਇਆਂ ਸੰਗਰਾਂਦ ਵਾਲੇ ਦਿਨ ਦੋਹਾਂ ਹੀ ਬਾਰਾਂ ਮਾਹ ਵਿਚੋਂ ਪਾਠ ਕਰਨ ਦਾ ਹੁਕਮਨਾਮਾ ਜਾਰੀ ਕਰੇ ਤਾਂ ਜੋ ਤੁਖਾਰੀ ਰਾਗ ਵਿਚ ਉਚਾਰਿਆ ਬਾਰਾਂ ਮਾਹ ਵੀ ਪ੍ਰਚੱਲਤ ਹੋ ਸਕੇ।

# ਗੁਰੂ ਤੇਗ ਬਹਾਦਰ ਜੀ ਦੀ ਬੋਲੀ ਸ਼ੈਲੀ

*ਗੁਰੂ ਤੇਗ ਬਹਾਦਰ ਜੀ ਦੀ ਬੋਲੀ-ਸ਼ਬਦਾਵਲੀ ਉਨ੍ਹਾਂ ਦੀ ਘੋਰ ਘਾਲਣਾ ਵਿਚੋਂ ਫੁਟੀ ਟਕਸਾਲ ਹੈ। ਇਕ ਇਕ ਸ਼ਬਦ ਅੰਮ੍ਰਿਤ ਦਾ ਘੁਟ ਹੈ।*

**ਡਾ. ਚਾਨਣ ਸਿੰਘ ਨਿਰਮਲ**
ਸ਼ਾਂਤੀ ਦੇਵੀ ਆਰੀਆ ਮਹਿਲਾ ਕਾਲਜ
ਦੀਨਾਨਗਰ (ਗੁਰਦਾਸਪੁਰ)

ਆਪ ਦੀ ਬਾਣੀ ਵਿਚੋਂ ਇਕ ਅਖੁਟ ਸੰਗੀਤਕ ਪ੍ਰਵਾਹ ਵਹਿੰਦਾ ਚਲਾ ਜਾਂਦਾ ਹੈ। ਰਾਗਾਂ ਨੇ ਤੇ ਵੈਰਾਗ ਨੇ ਸਰੋਦ ਨੂੰ ਸਿਖ਼ਰਾਂ 'ਤੇ ਲੈ ਆਂਦਾ ਹੈ। ਸੁਹਜ ਦੀ ਕੋਈ ਘਾਟ ਨਹੀਂ ਰਹਿ ਜਾਂਦੀ। ਭਾਵਾਂ ਤੇ ਬੋਲੀ ਸ਼ੈਲੀ ਦੁਹਾਂ ਦਾ ਹੀ ਸੁਹਜ ਕਮਾਲਦਾ ਹੈ। ਬਾਣੀ ਵਿਚ ਚਿੱਤਰਾਂ ਦੇ ਚਿੱਤਰ ਲਟਕੇ ਪਏ ਹਨ। ਇਹ ਚਿੱਤਰ ਸੁਹਜ ਸੁਆਦ ਦੇ ਤਲਿਸਮ ਵਿਚ ਹੋਰ ਵਾਧਾ ਕਰਦੇ ਹਨ। ਸੁਹਜ ਦੀ ਵਿਭਿੰਨਤਾ ਪੈਦਾ ਹੋਈ ਹੈ। ਜਿਵੇਂ ਬੋਲੀ ਦਾ ਸੁਹਜ, ਭਾਸ਼ਾ ਦਾ ਸੁਹਜ, ਭਾਵ-ਕੋਮਲਤਾ ਦਾ ਸੁਹਜ, ਬੁਧੀ ਦੀ ਸੂਖ਼ਮਤਾ ਦਾ ਸੁਹਜ ਤੇ ਜੀਵਨ ਦੇ ਜੀਉਂਦੇ ਜਾਗਦੇ ਸੌਂਦਰਯ ਦਾ ਸੁਹਜ ਹੈ। ਬਾਣੀ ਸੁਹਜਵਾਦੀ ਵਿਚਾਰ-ਭਾਵ-ਪ੍ਰਵਾਹ ਦਾ ਇਕ ਮਹਾਨ ਸਰੋਤ ਹੈ। ਪ੍ਰਭਾਵ ਦਾ ਸੁਹਜ ਸਭ ਤੋਂ ਤੀਬਰ ਤੇ ਤੀਖ਼ਣ ਹੈ। ਭਾਵ ਦਿਲ ਹਿਲਾ ਦੇਣ ਵਾਲੇ ਹਨ। ਭਾਵਾਂ ਦੀਆਂ ਜੋਤਾਂ ਜਗਦੀਆਂ ਹਨ।

ਸ਼ਲੋਕ ਇਕ ਬਝਵੇਂ ਤੇ ਭਰਵੇਂ ਵਿਚਾਰਾਂ ਭਾਵਾਂ ਦੇ ਸੰਚਾਲਕ ਹਨ। ਇਨ੍ਹਾਂ ਵਿਚ ਬੌਧਿਕਤਾ ਵੀ ਹੈ ਭਾਵਕਤਾ ਵੀ ਹੈ। ਸਭ ਤੋਂ ਵਧ ਇਨ੍ਹਾਂ ਦੁਹਾਂ ਦਾ ਸੁਮੇਲ ਵੀ ਕਮਾਲ ਪੈਦਾ ਕਰਦਾ ਹੈ। ਇਹ ਸੁਮੇਲ ਉਨ੍ਹਾਂ ਦੇ ਸ਼ਲੋਕਾਂ ਵਿਚ ਉਤਭ੍ਰਿਸ਼ਟ ਪ੍ਰਵਿਰਤੀ ਪੈਦਾ ਕਰਦੀ ਹੈ। ਸੰਜਮ ਤਾਂ ਕਹਿਰਾਂ ਦਾ ਹੈ। ਸ਼ਲੋਕਾਂ ਵਿਚ ਗਾਗਰ ਵਿਚ ਸਾਗਰ ਭਰਨਾ ਹੁੰਦਾ ਹੈ। ਬੋਲੀ ਸ਼ੈਲੀ ਦੇ ਸੰਜਮ ਸੰਕੋਚ ਵਿਚ ਸਾਗਰ ਵਾਂਗ ਵਹਿੰਦਾ ਭਾਵਾਂ ਦਾ ਠਾਠਾਂ ਮਾਰਦਾ ਪ੍ਰਵਾਹ ਉਲੀਕਣਾ ਹੁੰਦਾ ਹੈ। ਇਹ ਬੜਾ ਕਠਿਨ ਕਾਰਜ ਹੁੰਦਾ ਹੈ। ਕੇਵਲ ਹੁਕਮ ਵਿਚ ਬੱਝੀ ਸ਼ਖ਼ਸੀਅਤ ਹੀ ਐਸਾ ਕਰ ਨਿਬੜਦੀ ਹੈ। ਆਪ ਜੀ ਦੀ ਬਾਣੀ ਇਕ ਭਰਵੇਂ ਵਹਿੰਦੇ ਉਛਲਦੇ ਵੈਰਾਗ ਦਾ ਠਾਠਾਂ ਮਾਰਦਾ ਹੜ੍ਹ ਹੈ।

ਡਾ. ਤਾਰਨ ਸਿੰਘ ਹੋਰੀਂ ਆਪ ਜੀ ਦੇ ਸ਼ਲੋਕਾਂ ਬਾਰੇ ਬੜਾ ਸਾਰਥਕ ਵਿਚਾਰ ਪਾਠਕਾਂ ਗੋਚਰਾ ਕਰਦੇ ਲਿਖਦੇ ਹਨ- ਇਨ੍ਹਾਂ ਸ਼ਲੋਕਾਂ ਵਿਚ ਜਿੱਥੇ ਉਪਰਾਮਤਾ ਹੈ ਓਥੇ ਕਹਿਰਾਂ ਦਾ ਬਲ ਵੀ ਹੈ। ਜਿੱਥੇ ਕਠੋਰ ਅਸਲੀਅਤ ਦਾ ਵਰਣਨ ਹੈ, ਉਥੇ ਮਿੱਠਾ ਕੋਮਲ ਸੰਗੀਤ ਵੀ ਹੈ। ਜਿਥੇ ਡੂੰਘਾ ਨਿਰਾਸ਼ਾਵਾਦ ਹੈ ਓਥੇ ਯਥਾਰਥਕ ਆਸ਼ਾਵਾਦ ਵੀ ਹੈ।

ਸਚ ਤਾਂ ਇਹ ਹੈ ਕਿ ਗੁਰੂ ਤੇਗ ਬਹਾਦਰ ਜੀ ਦੇ ਸ਼ਲੋਕ ਸਚ-ਮੋਤੀ-ਨਿਰਣੇ ਪੇਸ਼ ਕਰਦੇ ਹਨ। ਸਮੂਹ ਬਾਣੀ ਵਿਚ ਸੱਚ ਦੀ ਚਮਕ ਤੇ ਵੈਰਾਗ ਦੀ ਲੇਸ ਹੈ। ਬੋਲੀ ਸ਼ੈਲੀ ਦਾ ਵਿਸਮਾਦ ਪਾਠਕ ਜਾਂ ਸਰੋਤੇ ਮਨ ਨੂੰ ਵਜਦ ਵਿਚ ਲਿਆ ਦੇਣ ਵਾਲਾ ਹੈ। ਸਾਰਥਕ ਬਿੰਬਾਵਲੀ ਅਸਚਰਸਤਾ ਪੈਦਾ ਕਰਦੀ ਹੈ। ਬਿੰਬਾਵਲੀ ਦੇ ਪ੍ਰਭਾਵ-ਪ੍ਰਵਾਹ ਵਿਚ ਮਨ ਦੀ ਜਾਗ ਖੁਲ੍ਹਦੀ ਹੈ। ਘੋਰ ਨਿੰਦਰਾ ਵਿਚੋਂ ਸਰੋਤੇ/ਪਾਠਕ ਦੀਆਂ ਅੱਖਾਂ ਖੁਲ੍ਹਦੀਆਂ ਹਨ। ਨੈਣਾਂ ਵਿਚ ਕੋਈ ਨਵੀਂ ਜੋਤ ਜਾਗਦੀ ਹੈ। ਦਿਲ ਵਿਚ ਪ੍ਰਭਾਤੀ ਸੂਰਜ ਦੀ ਲਿਸ਼ਕੋਰ ਵਰਗਾ ਨਵ ਨਕੋਰ ਭਾਵ ਜਗਮਗਾਂਦਾ ਹੈ ਤਾਂ ਭ੍ਰਾਂਤੀ-ਧੁੰਧ ਮਿਟਦੀ ਹੈ। ਮਨ ਵਿਸਮਾਦ ਵਿਸਮਾਦ ਹੋ ਜਾਂਦਾ ਹੈ। ਇਹ ਕ੍ਰਿਸ਼ਮਾ ਭਾਵਾਂ ਗੁੱਧੀ ਬੋਲੀ ਸ਼ੈਲੀ ਦਾ ਹੈ। ਭਾਵਾਂ ਦੀ ਸੁਭਾਵਕਤਾ, ਸੁਹਿਰਦਤਾ ਤੇ ਵਿਸ਼ਾਲ ਬੁੱਧੀ ਦੇ ਤੇਜ਼ ਦਾ ਹੈ। ਇਸੇ ਕਰਕੇ ਸਾਰੀ ਬਾਣੀ ਅਟੱਲ ਹਕੀਕਤਾਂ, ਮੁਹਾਵਰੇ ਤੇ ਅਖਾਣ ਬਣ ਜਾਣ ਦੀ ਸਮਰੱਥਾ ਰੱਖਦੀ ਹੈ। ਜਿਵੇਂ-

*ਬਿਪਤ ਪਰੀ ਸਭ ਹੀ ਸੰਗ*
*ਛਾਡਿਤ ਕੋਊ ਨ ਆਵਹ ਨੇਰੈ।*
*ਨਿਜ ਕਰ ਦੇਖਿਓ ਜਗਤ ਮੈ ਕੋ ਕਾਹੂ ਕੋ ਨਾਹਿ॥*

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਤੇ ਜੀਵਨ ਦੀ ਇਕਸੁਰਤਾ ਹੈ-

*ਹਰਖ ਸੋਗ ਤੇ ਰਹੈ ਅਤੀਤਾ*

*ਤਿਨਿ ਜਗਿ ਤਤ ਪਛਾਨਾ॥*

ਸੰਬੋਧਨੀ ਅਲੰਕਾਰ ਬੜਾ ਧੂਹ ਪਾਉਣ ਵਾਲਾ ਹੈ

*ਸਾਧੋ ਮਨ ਕਾ ਮਾਨ ਤਿਆਗੋ।*

*ਕਾਮ ਕ੍ਰੋਧ ਸੰਗਤ ਦੁਰਜਨ ਕੀ*

*ਤਾ ਤੇ ਅਹਿਨਿਸ ਭਾਗੋ॥*

*ਪ੍ਰਸ਼ਨੋਤਰੀ ਅਲੰਕਾਰ*-*ਕਾਹੇ ਰੇ ਬਨ ਖੋਜਨ ਜਾਈ?*

*ਰੇ ਮਨ ਕਉਨ ਗਤ ਹੋਇ ਹੈ ਤੇਰੀ?*

*ਹਰਿ ਗੁਨ ਕਾਹਿ ਨ*

*ਗਾਵਹੀ ਮੂਰਖ ਅਗਿਆਨਾ?*

*ਮਾਈ ਮੈਂ ਕਿਹ ਬਿਧਿ ਲਖਉਂ ਗੁਸਾਈ?*

ਸਮਾਸ ਅਲੰਕਾਰਾਂ ਦੀ ਕਾਫੀ ਭਰਮਾਰ ਵੇਖਣ ਨੂੰ ਮਿਲਦੀ ਹੈ। ਜਿਵੇਂ ਮਹਾ ਸੰਕਟ, ਰਾਮ-ਸਰਨਾਈ, ਹਰਿ-ਜਸ, ਦੁਰਮਤਿ-ਹਰਨ, ਭੈ-ਭੰਜਨ ਪਰੰਪਰਾਗਤ ਸਮਾਸ ਹਨ।

*ਦੁਹਰਾਵਤੀ ਅਲੰਕਾਰ*- *ਨਾਮ ਰਹਿਓ ਸਾਧੂ ਰਹਿਓ ਰਹਿਓ ਗੁਰ ਗੋਬਿੰਦ॥*

*ਦ੍ਰਿਸ਼ਟਾਂਤ ਅਲੰਕਾਰ*- *ਕਹੁ ਨਾਨਕ ਹਰਿ ਭਜ ਮਨਾ*

*ਜਿਹਿ ਬਿਧਿ ਜਲ ਕਉ ਮੀਨ।*

*ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤਾ।*

*ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨ ਮੀਤ।*

ਛੇਕ ਅਨੁਪ੍ਰਾਸ ਅਲੰਕਾਰ- *ਗੁਨ ਗੋਬਿੰਦ ਗਾਇਓ ਨਹੀ*

*ਤਨ ਧਨ ਸੰਪੈ ਸੁਖ ਦੀਓ*

ਛੇਕ ਅਨੁਪ੍ਰਾਸ ਅਲੰਕਾਰ ਵ੍ਰਿਤੀ ਅਨੁਪ੍ਰਾਸ ਅਲੰਕਾਰ ਕਾਫੀ ਆਏ ਹਨ।

*ਵਿਨੋਕਤੀ ਅਲੰਕਾਰ*- *ਸਭ ਸੁਖ ਦਾਤਾ ਰਾਮ ਹੈ ਦੂਸਰ ਨਾਹਿਨ ਕੋਇ*

*ਵੀਪਸਾ ਅਲੰਕਾਰ*- *ਘਟ ਘਟ ਮਹਿ ਹਰ ਜੂ ਬਸੈ ਸੇਵ ਕਰਤ ਜਨ ਜਨ ਕੀ*

*ਗਿਣਤੀ ਵਾਚਕ ਅਲੰਕਾਰ*- *ਪਾਂਚ ਤਤ ਕੋ ਤਨ ਰਚਿਓ ਜਾ ਨਹੁ ਚਤੁਰ ਸੁਜਾਨ।*

*ਉਪਮਾ ਅਲੰਕਾਰ*- *ਜਿਉਂ ਸੁਪਨਾ ਅਰ ਪੇਖਨਾ ਐਸੇ ਜਗ ਕਉ ਜਾਨ।*

*ਸੰਕੇਤਕ ਅਲੰਕਾਰ*- *ਜਿਹ ਤੇ ਉਪਜਿਓ ਨਾਨਕਾ ਲੀਨ ਤਾਹਿ ਮਹਿ ਮਾਨ।*

*ਸ਼ਬਦ ਅਲੰਕਾਰ*- ਵਿਚ ਵਧੀਆ ਸ਼ਬਦ ਵਧੀਆ ਤਰਤੀਬ ਵਿਚ ਹੁੰਦਾ ਹੈ। ਇਹ ਸ਼ਬਦਾਂ ਦੀ ਸੁੰਦਰਤਾ ਨੂੰ ਚਾਰ ਚੰਨ ਜੜਦੇ ਹਨ।

*ਪਾਵਨੁ ਨਾਮੁ ਜਗਤ ਮੈ ਹਰਿ ਕੋ।*

*ਸਿਮਰਿ ਸਿਮਰਿ ਕਸਮਲ ਸਭ ਹਰ ਰੇ॥*

*ਮਨੋਵਿਗਿਆਨਕ ਬਿੰਬ*- *ਭੈ ਕਾਹੂ ਕਉ ਦੇਤ ਨਹਿ ਭੈ ਮਾਨਤ ਆਨਿ॥*

*ਕਹੁ ਨਾਨਕ ਸੁਨ ਰੇ ਮਨਾ*

*ਗਿਆਨੀ ਤਾਹਿ ਬਖਾਨਿ॥*

*ਮਿਥਿਹਾਸਕ ਬਿੰਬ*- *ਅਜਾਮਲ ਗਨਕਾ ਜਿਹ ਸਿਮਰਤ ਮੁਕਤ ਭਏ ਜੀਅ ਜਾਨੋ॥*

*ਗਜ ਕੀ ਤ੍ਰਾਸ ਮਿਟੀ ਛਿਨਹੂ ਮਹਿ*

*ਜਬ ਹੀ ਰਾਮ ਬਖਾਨੋ॥*

*ਨਾਰਦ ਕਹਤ ਸੁਨਤ ਧ੍ਰੂਅ*

*ਬਾਰਿਕ ਭਜਨ ਮਹਿ ਲਿਪਟਾਨੋ॥*

ਹਾਸ ਰਸ-ਇਸ ਦਾ ਸਥਾਈ ਭਾਵ ਹੁਲਾਸ ਹੈ।

*ਦੁਆਰਹਿ ਦੁਆਰਿ ਸੁਆਨ ਜਿਉ ਡੋਲਤ*

*ਨਹ ਸੁਧ ਰਾਮ ਭਜਨ ਕੀ॥*

*ਸ਼ਾਂਤ ਰਸ*- *ਘਟਿ ਘਟਿ ਮੈ ਹਰਿ ਜੂ ਬਸੈ।*

*ਸੰਤਨ ਕਹਿਓ ਪੁਕਾਰ॥*

*ਕਹੁ ਨਾਨਕ ਤਿਹ ਭਜੁ ਮਨਾ।*

*ਭਉ ਨਿਧਿ ਉਤਰਹਿ ਪਾਰਿ॥*

*ਭਿਆਨਕ ਰਸ*- *ਕਾਲ ਬਿਆਲ ਜਿਉਂ ਪਰਿਓ ਡੋਲੈ ਮੁਖ ਪਸਾਰੇ ਮੀਤ॥*

*ਬਿਰਧ ਭਇਓ ਸੂਝੈ ਨਹੀ ਕਾਲ ਪਹੁਚਿਓ ਆਨ॥*

*ਅਦਭੁਤ ਰਸ*- ਇਹ ਹੈਰਾਨੀ ਪੈਦਾ ਕਰਦਾ ਹੈ।

*ਛਿਨ ਮਹਿ ਰਾਉ ਰੰਕ ਕਉ*

*ਕਰਹੀ ਰਾਉ ਰੰਕ ਕਰ ਡਾਰੇ॥*

*ਗੀਤੇ ਭਰੇ ਭਰੇ ਸੁਖਨਾਰੈ ਯਹ ਤਾਕੋ ਬਿਵਹਾਰੈ॥*

*ਸਿਰ ਕੰਪਿਓ ਪਗ ਡਗਮਗੇ ਨੈਨ ਜੋਤਿ ਤੇ ਹੀਨ।*

*ਕਹੁ ਨਾਨਕ ਇਹ ਬਿਧਿ ਭਈ ਤਊ ਨ ਹਰਿ ਰਸ ਲੀਨ॥*

*ਵੀਭਤਸ ਰਸ*- ਇਹ ਰਸ ਮਨ ਵਿਚ ਘਿਰਣਾ ਪੈਦਾ ਕਰਦਾ ਹੈ।

*ਸੁਖ ਕੈ ਹੇਤਿ ਬਹੁਤ ਦੁਖ ਪਾਵਤ*

*ਸੇਵ ਕਰਤ ਜਨ ਜਨ ਕੀ॥*

*ਦੁਆਰਹਿ ਦੁਆਰਿ ਸੁਆਨ ਜਿਉਂ ਡੋਲਤ*

*ਨਹ ਸੁਧ ਭਜਨ ਕੀ॥*

ਬਾਣੀ ਵਿਚ ਕਾਇਆ ਕਲਪ ਕਰਨ ਦੀ ਪ੍ਰੇਰਣਾ ਸ਼ਕਤੀ ਹੈ। ਕ੍ਰਾਂਤੀਕਾਰੀ ਧੜਕਣ ਹੈ। ਸਭਿਅ ਸ਼ਿਵੰ ਸੁੰਦਰੰ ਦੀ ਧਾਰਨੀ ਹੈ ਸ਼ੈਲੀ। *ਤਿੰਨ ਗੁਣ ਯੁਕਤ ਹੈ*- ਮਧੁਰ, ਪ੍ਰਸਾਦ ਤੇ ਓਜ ਨਾਲ ਓਤਪੋਤ ਹੈ।

# ਕੀਰਤਨ ਦਰਬਾਰਾਂ ਦਾ ਪੂਰਾ ਲਾਹਾ ਕਿਵੇਂ ਮਿਲ ਸਕਦਾ ਹੈ


**ਕਰਤਾਰ ਸਿੰਘ ਗੋਸ਼ਟੀ**

ਐਚ ਐਮ-319, ਫੇਜ਼ 9
ਮੁਹਾਲੀ


ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਗੁਰਦੁਆਰਾ ਸਾਹਿਬ ਵਿਖੇ ਜਾਂ ਗੁਰਦੁਵਾਰਾ ਸਾਹਿਬ ਤੋਂ ਬਾਹਰ ਜਿਤਨੇ ਹੀ ਵੱਡੇ ਛੋਟੇ ਦੀਵਾਨ ਸੱਜਦੇ ਹਨ ਸਾਰਿਆਂ ਦਾ ਮੁੱਖ ਮਨੋਰਥ ਇੱਕੋ ਹੈ ਕਿ ਗੁਰੂ ਉਪਦੇਸ਼ਾਂ ਨੂੰ ਸਰਲ ਸੁਖੈਨ ਕਰਕੇ ਸਾਦਾ ਸ਼ਾਇਸਤਾ ਬੋਲੀ ਵਿੱਚ ਸੰਗਤਾਂ ਨੂੰ ਵਾਕਫੀਅਤ ਦਿੱਤੀ ਜਾਵੇ। ਚੰਗਾ ਹੋਗੇ ਜੇਕਰ ਇਹ ਸਮਾਗਮ ਥੋੜੇ ਸਮੇਂ ਦੇ ਹੋਣ। ਵੱਡੇ ਤੋਂ ਵੱਡਾ ਸਮਾਗਮ ਤਿੰਨ ਘੰਟਿਆਂ ਤੋਂ ਵੱਧ ਸਮੇਂ ਦਾ ਨਾ ਹੋਵੇ। ਇਨ੍ਹਾਂ ਧਾਰਮਕ ਦੀਵਾਨਾਂ ਦੇ ਪ੍ਰਬੰਧਕ ਜ਼ਰੂਰੀ ਤੌਰ ਤੇ ਫੈਸਲਾ ਕਰਨ ਕਿ ਹੋਣ ਵਾਲੇ ਸਮਾਗਮ ਤੋਂ ਗੁਰੂ ਆਸ਼ਿਆਂ ਦਾ ਕਿਹੜਾ ਵਿਸ਼ੇਸ਼ ਸੁਨੇਹਾ ਸੰਗਤਾਂ ਨੂੰ ਦਿੱਤਾ ਜਾਵੇ। ਗੁਰੂ ਉਪਦੇਸ਼ਾਂ ਵਿਚੋਂ ਕਿਹੜਾ ਤੱਥ ਅੱਜ ਦੇ ਦੀਵਾਨ ਦਾ ਸ਼੍ਰੋਮਣੀ ਉਪਦੇਸ਼ ਹੋਵੇਗਾ। ਇਸ ਬਾਰੇ ਹਰ ਕੀਰਤਨੀ ਜਥੇ, ਲੈਕਚਰ ਕਥਾ ਕਰਨ ਵਾਲੇ, ਸਟੇਜ ਸਕੱਤਰ ਤੇ ਸਟੇਜ ਤੇ ਬੋਲਣ ਵਾਲੇ ਨੂੰ ਪਤਾ ਹੋਵੇ ਤੇ ਹਰ ਕੋਈ ਪੂਰੀ ਤਿਆਰੀ ਕਰਕੇ ਬੋਲੇ। ਆਮ ਤੌਰ ਤੇ ਅਸੀਂ ਦੀਵਾਨ ਦਾ ਸਮਾ ਸਥਾਨ ਮਿਥ ਲੈਂਦੇ ਹਾਂ, ਬੋਲਣ ਵਾਲੇ ਮਿਥ ਲੈਂਦੇ ਹਾਂ, ਸਜਾਵਟਾਂ, ਲੰਗਰ ਹੋਰ ਸੇਵਾਵਾਂ ਮਿਥ ਲੈਂਦੇ ਹਾਂ ਪਰ ਸਟੇਜ ਤੋਂ ਕੀ ਸੰਦੇਸ਼ ਦਿੱਤਾ ਜਾਣਾ ਹੈ ਕਦੇ ਨਹੀਂ ਮਿਥਿਆ। ਨਤੀਜਾ ਕੀ ਹੁੰਦਾ ਹੈ ਰਾਗੀ ਜਥੇ, ਕਥਾ ਵਾਚਕ ਪਰਚਾਰਕ ਕਵੀ ਜੋ ਉਨ੍ਹਾਂ ਨੂੰ ਯਾਦ ਹੈ ਬੋਲ ਕੇ ਚਲੇ ਜਾਂਦੇ ਹਨ। ਕੋਈ ਤਾਂ ਰਹਿਤ ਮਰਿਆਦਾ ਦੀ ਗੱਲ ਕਰਦਾ ਹੈ, ਕੋਈ ਗੁਰੂ ਸੇਵਾ ਵਿੱਚ ਹੋਏ ਸ਼ਹੀਦਾਂ ਦੇ ਪ੍ਰਸੰਗ ਛੇੜ ਲੈਂਦਾ ਹੈ। ਕੋਈ ਸਿੱਖੀ ਜੀਵਨ ਤੇ ਟਿੱਪਣੀਆਂ ਕਰਦਾ ਹੈ, ਕੋਈ ਸਮਾਜਕ ਬੁਰਾਈਆਂ ਦਾ ਜ਼ਿਕਰ ਕਰਦਾ ਹੈ। ਕੋਈ ਵਿਸ਼ੇਸ਼ ਸੁਨੇਹਾ ਸੰਗਤਾਂ ਦੇ ਪੱਲੇ ਨਹੀਂ ਪੈਂਦਾ। ਲੰਮੇ ਸਮੇਂ ਦੇ ਦੀਵਾਨ ਤੋਂ ਅੱਕ ਕੇ ਲੰਗਰਾਂ ਵੱਲ ਭੱਜਦੇ ਹਾਂ। ਸਵੇਰੇ 4 ਵਜੇ ਤੋਂ ਸ਼ੁਰੂ ਹੋਏ ਇਕੱਠ ਤੇ ਲੰਗਰਾਂ ਵਿੱਚ ਵਰਤਾਏ ਕੁਇੰਟਲਾਂ ਆਟੇ, ਖੀਰਾਂ ਹੋਰ ਪਦਾਰਥਾਂ ਦੀ ਵੰਡ ਗਿਣ ਮਿਥ ਕੇ ਸਮਾਗਮ ਦੀ ਕਾਮਿਆਬੀ ਨਾਪ ਤੋਲ ਲੈਂਦੇ ਹਾਂ। ਕਦੇ ਸਾਰਨੀ ਨਹੀ ਕੀਤੀ ਕਿ ਸਮਾਗਮ/ ਦੀਵਾਨ ਤੋਂ ਗੁਰਮਤਿ ਦੇ ਸੰਦੇਸ਼ ਕਿਤਨੀ ਸਫਲਤਾ, ਪੂਰਣਤਾ ਅਤੇ ਅਸਰਦਾਰ ਤਰੀਕੇ ਨਾਲ ਸੰਗਤਾਂ ਦੇ ਹਿਰਦੇ ਤੱਕ ਪਹੁੰਚਾਏ ਗਏ ਹਨ।

ਪਿਛਲੇ ਕੁਝ ਸਾਲਾਂ ਤੋਂ ਗੁਰਦੁਆਰਿਆਂ ਵਿੱਚ, ਸਿੱਖ ਸੰਸਥਾਵਾਂ ਦੇ ਪ੍ਰਚਾਰ ਪ੍ਰੋਗਰਾਮਾਂ ਵਿੱਚੋਂ ਕੀਰਤਨ ਦਰਬਾਰਾਂ ਰਾਹੀਂ ਪ੍ਰਚਾਰ ਕਰਨ ਦਾ ਤਰੀਕਾ ਬਹੁਤ ਹੀ ਮਕਬੂਲ ਹੋਇਆ ਹੈ। ਇਥੋਂ ਤੱਕ ਕਿ ਗੁਰਦੁਆਰਾ ਪੰਡਾਲਾਂ ਤੋਂ ਇਲਾਵਾ ਮਾਰਕਿਟਾਂ ਵਿੱਚ ਵੱਡੇ ਸੁਹਾਵਣੇ ਪੰਡਾਲ ਲਾ ਕੇ ਵੱਡੇ ਖਰਚੇ ਕਰਕੇ ਵੱਡੀ ਪ੍ਰਸਿੱਧੀ ਵਾਲੇ ਕੀਰਤਨੀਆਂ ਨੂੰ ਵੱਡੀਆਂ ਭੇਟਾਵਾਂ ਦੇ ਕੇ ਅੱਠ ਘੰਟਿਆਂ ਦੇ ਕੀਰਤਨ ਦਰਬਾਰ ਵੀ ਕਰਾਏ ਜਾ ਰਹੇ ਹਨ। ਆਪਣੀਆਂ ਚੰਗੀਆਂ ਗਾਵੀਆਂ ਟੇਪਾਂ ਵਿਚੋਂ ਤਿੰਨ ਚਾਰ ਸ਼ਬਦ ਪੜ ਕੇ ਹਰ ਰਾਗੀ ਜਥਾ ਵਿਦਾਇਗੀ ਲੈ ਰਿਹਾ ਹੈ। ਇਕ ਰਾਗੀ ਜਥੇ ਦੇ ਪ੍ਰਸੰਗ ਨਾਲ ਦੂਸਰੇ ਰਾਗੀ ਜਥੇ ਦਾ ਪ੍ਰਸੰਗ ਦਾ ਕੋਈ ਮੇਲ ਨਹੀਂ। ਇਥੋਂ ਤੱਕ ਕਿ ਇਕ ਰਾਗੀ ਜਥੇ ਦੇ ਤਿੰਨ ਚਾਰ ਸ਼ਬਦਾਂ ਵਿਚੋਂ ਵੀ ਇਕ ਸੁਨੇਹਾ ਨਹੀਂ ਉਭਰਦਾ। ਪ੍ਰਬੰਧਕ ਐਲਾਨ ਕਰਦੇ ਹਨ ਕਿ ਸਾਡਾ ਦੀਵਾਨ ਨਿਰੋਲ ਧਾਰਮਕ ਹੈ। ਇਸ ਵਿੱਚ ਕੋਈ ਲੈਕਚਰ ਕਥਾ ਜਾਂ ਵਿਚਾਰ ਨਹੀਂ ਹੋ ਸਕਦਾ। ਸਾਰੀ ਨੌਜੁਵਾਨ ਸਿੱਖ ਪੀੜੀ ਪਤਿਤ ਹੋ ਰਹੀ ਹੈ, ਸਿੱਖੀ ਸਰੂਪ ਵਾਲੀਆਂ ਸੰਤਾਨਾਂ ਤਾਂ ਇਕ ਪਾਸੇ ਮਾਤਾ ਪਿਤਾ ਵੀ ਪਤਿਤ ਹੋ ਰਹੇ ਹਨ, ਘਰ ਘਰ ਨਸ਼ੇ ਵੜ ਗਏ ਹਨ, ਹਰ ਗੁਰਦੁਵਾਰੇ ਪ੍ਰਬੰਧਕ ਇਕ ਦੂਜੇ ਨਾਲ ਝਗੜ ਰਹੇ ਹਨ, ਸਿੱਖਾਂ ਦੀ ਧਾਰਮਿਕ, ਸਮਾਜਿਕ ਤੇ ਸਿਆਸੀ ਲੀਡਰਸ਼ਿਪ ਵਿਚੋਂ ਸਿੱਖੀ

ਗੁਣਾਂ ਦੀ ਖੁਸ਼ਬੂ ਅਲੋਪ ਹੋ ਗਈ ਹੈ। ਸਾਡੇ ਸ਼੍ਰੋਮਣੀ ਅਕਾਲੀ ਦਲ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅਕਾਲ ਤਖ਼ਤ ਬਿਲਕੁਲ ਨਿਰਜਿੰਦ ਹੋ ਗਏ ਹਨ। ਕੋਈ ਪੰਥਕ ਸੋਚਣੀ ਸੇਧ ਨਹੀ ਹੈ। ਜੇਕਰ ਇਨ੍ਹਾਂ ਕੀਰਤਨ ਦਰਬਾਰਾਂ ਦੇ ਹਜ਼ਾਰਾਂ ਲੱਖਾਂ ਦੇ ਇਕੱਠਾਂ ਵਿੱਚ ਉਪਰੋਕਤ ਔਕੜਾਂ ਦਾ ਹੱਲ ਨਹੀਂ ਕਰਾਂਗੇ ਤੇ ਕੌਮ ਨੂੰ ਇਨ੍ਹਾਂ ਕੀਰਤਨ ਦਰਬਾਰਾਂ ਦਾ ਦੀ ਲਾਹਾ ਹੋਵੇਗਾ। ਉਪਰੋਕਤ ਹਾਲਾਤ ਦੱਸਦੀ ਹੈ ਕਿ ਸਾਡੀ ਪ੍ਰਚਾਰ ਵਿਧੀ ਸਫਲ ਨਹੀ ਹੈ।

ਗੁਰ-ਉਪਦੇਸ਼ ਸੁਨਣ ਦੀ ਬਿਰਤੀ ਬਣਾਈਏ, ਨਿਰੇ ਇਕੱਠਾਂ ਨੂੰ ਵੇਖ ਕੇ ਖੁਸ਼ ਨਾ ਹੋਈਏ। **ਸਟੇਜ ਤੋਂ ਪ੍ਰੇਰਨਾ ਦਿੱਤੀ ਜਾਵੇ "ਆਪਣੇ ਬਾਲ-ਬੱਚਿਆਂ ਨੂੰ ਸਿੱਖੀ ਸਰੂਪ ਵਿੱਚ ਰੱਖੋ। ਨਸ਼ਿਆ ਨੂੰ ਘਰ ਨਾ ਵੜਨ ਦਿਉ। ਕਾਫੀ ਨੌਜਵਾਨ ਬੱਚੇ ਬੱਚੀਆਂ ਵੀ ਹਨ, ਅਪੀਲ ਕੀਤੀ ਜਾਂਦੀ ਹੈ ਅਜੇ ਤੁਹਾਡੇ ਹਿਰਦੇ ਵਿੱਚ ਗੁਰੂ ਹੈ, ਸੇਵਾ ਕਰ ਰਹੇ ਹੋ ਮਾਇਆ ਭੇਂਟ ਕਰ ਰਹੇ ਹੋ, ਹਜ਼ਾਰਾਂ ਦੀ ਗਿਣਤੀ ਵਿੱਚ ਖੇਚਲਾਂ ਕਰਕੇ ਆਏ ਹੋ। ਸਾਰੀ ਰਾਤ ਜਾਗੋਗੇ ਗੁਰੂ ਦੇ ਬਖਸ਼ੇ ਸਾਬਤ ਸਰੂਪ ਉੱਤੇ ਪਹਿਰਾ ਦਿਉ, ਕੇਸਾਂ ਦੀ ਬੇਅਦਗੀ ਕਰਕੇ ਸਰਦਾਰੀ ਨਾ ਗਵਾਉ। ਜੇ ਗੁਰੂ ਦੀ ਬਖਸ਼ੀ ਸ਼ਕਲ ਹੀ ਨਾ ਰਹੀ ਤਾਂ ਸਰਦਾਰੀ ਵਾਲੇ ਗੁਣ ਵੀ ਨਹੀਂ ਰਹਿਣਗੇ।** ਸਰਦਾਰ ਸ਼ਕਲ ਵਿੱਚ ਤਮਾਖੂ, ਸ਼ਰਾਬ ਅਤੇ ਹੋਰ ਨਸ਼ੇ ਕਰਨ ਤੋਂ ਸੰਗ ਆਉਂਦੀ ਹੈ। ਭਟਕ ਜਾਣ ਤੇ ਲੋਕੀ ਤਾਨੇ ਦੇਣਗੇ, ਖਾਣ ਪੀਣ ਦੇ ਚੰਗੇ ਪਦਾਰਥ ਵਾਹਿਗੁਰੂ ਨੇ ਪੈਦਾ ਕੀਤੇ ਹਨ, ਨਸ਼ਿਆਂ ਦੀ ਜ਼ਹਿਰਾਂ ਛੱਡੀਏ।" ਹੋਰ ਕੋਈ ਪੱਖ ਹਨ ਜਿਵੇਂ ਕਿ ਸੁਆਰਥਹੀਨ ਪੰਥ ਪ੍ਰਸਤ ਲੀਡਰਾਂ ਦੀ ਘਾਟ, ਦਹੇਜ਼ ਦੀ ਬਿਮਾਰੀ, ਬਿਪਰਨ ਗੀਤਾਂ ਬਾਰੇ ਵੀ ਸੰਗਤ ਨੂੰ ਛੋਟੀਆਂ ਟਿੱਪਣੀਆਂ ਰਾਹੀਂ ਸੂਝ ਦਿੱਤੀ ਜਾਵੇ।

ਕੀਰਤਨ ਦਰਬਾਰ ਕਰਨਾ ਵੱਡੇ ਇਕੱਠ ਕਰਨਾ ਚੰਗਾ ਕਰਮ ਹੈ। ਲੱਖਾਂ ਦੇ ਬਣਾਏ ਗੁਰਦਵਾਰੇ ਹਜ਼ਾਰਾਂ ਵਿੱਚ ਹਨ ਪਰ ਨਿਤਾ ਪ੍ਰਤੀ ਦੀ ਸੰਗਤ ਨਹੀਂ ਹੈ। ਸਵੇਰੇ ਸ਼ਾਮ ਗੁਰਦਵਾਰੇ ਖਾਲੀ ਪਏ ਹਨ। ਰਾਗੀ ਕਥਾ ਵਾਚਕ ਵਾਲੀ ਹਾਲਾਂ ਵਿਚੋ ਡਿਊਟੀ ਕਰ ਰਹੇ ਹਨ। ਗੁਰਬਾਣੀ ਦੇ ਚੰਗੇ ਉਪਦੇਸ਼ਕ, ਗੁਣਵਾਨ ਕਥਾ ਵਾਚਕ ਰਾਗੀ ਸਿੰਘਾਂ ਨੂੰ ਇਨ੍ਹਾਂ ਗੁਰੂ ਘਰਾਂ ਵਿੱਚ ਸੇਵਾ ਦੇ ਕੇਗੁਰਉਪਦੇਸ਼ ਆਪਣੀਆਂ ਸੰਤਾਨਾਂ ਨੂੰ ਸੁਣਾਈਏ। ਅਜੋਕੇ ਸਾਂਇਸੀ ਯੁਗ ਵਿੱਚ ਵੱਖ ਵੱਖ ਬਾਣੀਆਂ ਦੇ, ਸਾਰੇ ਗੁਰੂ ਗ੍ਰੰਥ ਸਾਹਿਬ ਦੇ ਸਟੀਕ ਛਪ ਚੁੱਕੇ ਹਨ। ਸਿਆਣੇ ਵਿਦਵਾਨਾਂ ਦੀਆਂ ਲਿਖੀਆਂ ਪੁਸਤਕਾਂ, ਸ਼ਬਦਾਰਥ, ਗੁਰ-ਇਤਿਹਾਸ ਦੀਆਂ ਕੀਤਾਬਾਂ, ਕਥਾ ਕੀਰਤਨ ਦੀਆਂ ਕੈਸਟਾਂ ਘਰ ਲੈ ਜਾਈਏ ਤੇ ਪਰਿਵਾਰਾਂ ਵਿੱਚ ਬੈਠ ਕੇ ਪੜੀਏ ਸੁਣੀਏ। ਫਿਰ ਜੋ ਗੁਰੂ ਕਹਿੰਦਾ ਹੈ ਉਸ ਨੂੰ ਮੰਨਣ ਦਾ ਤਰਲਾ ਕਰੀਏ। ਸ਼ਤਾਬਦੀਆਂ ਮੰਨਾਉਣ ਦਾ ਲਾਹਾ ਵਧੇਰੇ ਹੋਵੇਗਾ।

ਅਸੀਂ ਸਾਰੇ ਸਿੱਖ ਸਰਬਤ ਦੇ ਭਲੇ ਦੇ ਮੁਦਈ ਹਾਂ। **ਜੇ ਕੇਵਲ ਗੁਰੂ ਦੀ ਉਮਤ ਗੁਰਸਿੱਖਾਂ ਦੇ ਭਲੇ ਦੇ ਮੁਦਈ ਵੀ ਬਣੀਏ ਤਾਂ ਕਿਤਨੇ ਹੀ ਗਰੀਬੀ ਵਿੱਚ ਰੁਲਦੇ ਹੀਰੇ ਸਿੱਖ ਪਰਿਵਾਰਾਂ ਵਿੱਚ ਮਿਲ ਜਾਣਗੇ। ਆਓ ਪਾਰਖੂ ਬਣੀਏ ਜਿਨ੍ਹਾਂ ਨੂੰ ਵਾਹਿਗੁਰੂ ਨੇ ਸਰਮਥਾ ਦਿੱਤੀ ਹੈ ਗੁਰਸਿੱਖ ਬੱਚਿਆਂ ਨੂੰ ਗੁਣ ਵੇਖ ਕੇ ਉਭਾਰੀਏ। ਉਨ੍ਹਾਂ ਨੂੰ ਅਵਿੱਦਿਆ, ਬੇਕਾਰੀ ਤੋਂ ਬਚਾਈਏ, ਜਿਨ੍ਹਾਂ ਸਿੱਖਾਂ ਕੋਲ ਸਮਰਥਾ ਤੇ ਵਸੀਲੇ ਹਨ ਉਹ ਸਿੱਖ ਬੱਚਿਆਂ ਨੂੰ ਪਹਿਲ ਦੇ ਕੇ ਸੰਭਾਲ ਕਰਨ।**

ਕੀਰਤਨ ਦਰਬਾਰ ਦੇ ਮਿੱਥੇ ਹੋਏ ਉਪਦੇਸ਼ ਵਿਸ਼ੇਸ਼ ਤੋਂ ਇਲਾਵਾ ਗਾਹੇ-ਬਗਾਹੇ ਕੌਮੀ ਘਾਟਾਂ ਵੱਲ ਧਿਆਨ ਦਿਵਾਈਏ। ਇਹ ਵੱਡੇ ਇਕੱਠ ਹੁਣ ਕੀਰਤਨ ਦਰਬਾਰਾਂ ਵਿੱਚ ਹੀ ਮਿਲਦੇ ਹਨ, ਫਾਇਦਾ ਉਠਾਈਏ। ਹੋ ਸਕਦਾ ਹੈ ਗੁਰਦਵਾਰੇ ਦੀ ਨਿਤਾਪ੍ਰਤੀ ਸਟੇਜ ਵਾਂਗੂੰ ਕੀਰਤਨ ਦਰਬਾਰ ਵੀ ਖਿੱਚ ਦਾ ਕਾਰਨ ਨਾ ਰਹਿਣ। ਨੌਜਵਾਨ ਪੀੜੀ ਇਨ੍ਹਾਂ ਦਰਬਾਰਾਂ ਵਿੱਚ ਘੱਟ ਆ ਰਹੀ ਹੈ।

ਦੁਨੀਆਂ ਦਾ ਸਭ ਤੋਂ ਚੰਗਾ ਮਨੁੱਖ ਗੁਰਸਿੱਖ ਹੈ। ਉਹ ਸਭ ਨੂੰ ਪਿਆਰ ਕਰਦਾ ਹੈ, ਸਭ ਦਾ ਭਲਾ ਕਰਦਾ ਹੈ, ਲੋੜ ਵਿੱਚ ਕੰਮ ਆਉਂਦਾ ਹੈ, ਮਿੱਠ ਬੋਲੜਾ ਹੈ, ਸਚਿਆਰ ਹੈ, ਜ਼ੁਲਮ ਅਨਿਆ ਦੇ ਖਿਲਾਫ ਡਟਦਾ ਹੈ। ਆਓ ਪਰਖ ਕਰੀਏ ਕੀਰਤਨ ਦਰਬਾਰਾਂ, ਗੁਰਦਵਾਰਿਆਂ, ਪ੍ਰਚਾਰ ਸੰਸਥਾਵਾਂ ਦੇ ਪ੍ਰਚਾਰ ਦੇ ਬਾਵਜੂਦ ਸਿੱਖੀ ਸਰੂਪ ਵਾਲਾ ਹੋਰ ਲੋਕਾਂ ਨਾਲੋਂ ਕਿਤਨਾ ਚੰਗਾ ਹੈ।

(ੳ) ਕੀ ਸਿੱਖ ਡਾਕਟਰ ਆਪਣੇ ਕਿੱਤੇ ਵਿੱਚ ਨਿਪੁਨ ਪੂਰੀ ਭੇਟਾ ਲੈ ਕੇ ਆਪਣੇ ਕਿੱਤੇ ਵਿੱਚ ਈਮਾਨਦਾਰ ਹੈ। ਨਾ ਪਹੁੰਚ ਰੱਖਣ ਵਾਲੇ ਕਦੇ ਗਰੀਬ ਨੂੰ ਘੱਟ ਭੇਟਾ ਲੈ ਕੇ ਜਾਂ ਮੁਫਤ ਦਵਾਈ ਦੇ ਦਿੰਦਾ ਹੈ।

(ਅ) ਕੀ ਸਿੱਖ ਦੁਕਾਨਦਾਰ ਦੀ ਸ਼ੋਭਾ ਹੈ ਕਿ ਉਸ ਦੀ ਦੁਕਾਨ ਤੇ ਮਿਲਾਵਟ ਵਾਲਾ ਸਮਾਨ ਨਹੀ ਮਿਲਦਾ। ਰੇਟ ਬਿਲਕੁਲ ਵਾਜਬ ਹਨ।

(ੲ) ਕੀ ਸਿੱਖ ਅਫਸਰ, ਮੰਤਰੀ, ਅਹਿਲਕਾਰ ਦੀ ਸ਼ੋਭਾ ਹੈ ਕਿ ਉਹ ਹੋ ਸਕਣ ਵਾਲੇ ਕੰਮ ਇਮਾਨਦਾਰੀ ਨਾਲ ਸਭਸ ਦੇ ਕਰਦਾ ਹੈ, ਰਿਸ਼ਵਤ ਨਹੀ ਲੈਂਦਾ ਹੈ ਜਾਂ ਦੁਖਿਆਰੇ ਦੀ ਬਹੁੜੀ ਕਰਦਾ ਹੈ। ਕੀ ਅੱਜ ਵੀ ਸਿੱਖ ਜ਼ਿਮੀਦਾਰ ਦੇ ਬੋਹਲ ਤੋਂ ਗਰੀਬ ਸਿੱਖ ਦੀ ਪਸੇਰੀ ਦਾਣਿਆਂ ਦੀ ਮਿਲ ਜਾਂਦੀ ਹੈ। ਇਹ ਸ਼ੋਭਾ ਹੈ ਸੀ ਤਾਂ ਧੜਾ-ਧੜ ਲੋਕ ਸਿੱਖ ਬਣ ਗਏ। ਅੱਜ ਇਹ ਗੁਣ ਅਲੋਪ ਹੋ ਰਹੇ ਹਨ ਤਾਂ ਸਿੱਖ ਘਰਾਣਿਆਂ ਦੇ ਜਮਪਲ ਵੀ ਸਿੱਖ ਨਹੀਂ ਰਹੇ। ਸਿੱਖੀ ਦਾ ਘਰ ਪੰਜਾਬ ਬਾਵਜੂਦ ਵੱਡੇ ਪ੍ਰਚਾਰ ਅਦਾਰਿਆਂ, ਹਜ਼ਾਰਾਂ ਸਿੱਖ ਸੰਸਥਾਵਾਂ, ਕਥਾ-ਕੀਰਤਨ ਦਰਬਾਰਾਂ ਸਿੱਖੀ ਬਾਣੇ ਤੋਂ, ਸਿੱਖੀ ਗੁਣਾਂ ਤੋਂ ਖਾਲੀ ਹੋ ਰਿਹਾ ਹੈ।

**ਸਟੇਜ**

ਸਾਰੀ ਐਕਟਿਵੀਟੀ ਦਾ ਫਲ ਸਟੇਜ ਤੋਂ ਦਿੱਤਾ ਜਾਣਾ ਹੈ ਅੰਦਰ ਬਾਹਰ ਜਿੱਥੇ ਵੀ ਸੰਗਤ ਖੜੀ ਹੈ/ਬੈਠੀ ਹੈ- ਲੰਗਰ ਵਿੱਚ/ਲੰਗਰ ਦਰਵਾਜੇ ਬਾਹਰ ਉਡੀਕ ਕਰਦੀ ਭੀੜ ਵਾਲੀ ਥਾਂ/ਚਾਹ ਪਕੌੜਿਆਂ ਦੇ ਸਟਾਲ/ਸਾਇਕਲਾਂ ਮੋਟਰਾਂ ਵਾਲੀ ਥਾਂ ਤੱਕ ਨਿੱਕੇ ਨਿੱਕੇ ਹਾਰਨ ਲਾ ਕੇ ਸਟੇਜ ਦੀ ਆਵਾਜ਼ ਪਹੁੰਚੇ। ਵੱਡੇ ਹਾਰਨ ਲਾ ਕੇ ਕੰਨਪਾੜ ਅਵਾਜ ਦਾ ਕੋਈ ਲਾਹਾ ਨਹੀ। ਸਟੇਜ ਦਾ ਅਸਰਦਾਰ ਹੋਣਾ ਬਹੁਤ ਜ਼ਰੂਰੀ ਹੈ।

**ਸਾਇਕਲਾਂ/ਮੋਟਰਾਂ/ਸਕੂਟਰਾਂ ਦਾ ਰੱਖਣਾ**

ਇਸ ਪੱਖੋਂ ਸਾਡੇ ਦੀਵਾਨਾਂ ਵਿੱਚ ਬੜੀ ਲਾਪਰਵਾਹੀ ਹੈ। ਜੇ ਵਾਲੰਟੀਅਰ ਮਿਲਦੇ ਹਨ ਤਾਂ ਉਨ੍ਹਾਂ ਵਿਚੋਂ ਜਥੇਦਾਰ ਥਾਪ ਕੇ ਯਤਨ ਕਰੀਏ ਕਿ ਨਿਸ਼ਚਿਤ ਥਾਂ ਤੇ ਕਿਸੇ ਤਰੀਕੇ ਨਾਲ ਵਾਹਨ ਰੱਖੇ ਜਾਣ। ਕਾਰ ਵਾਲਾ ਸਕੂਟਰ ਨਾ ਢਾਹ ਜਾਵੇ/ਸਕੂਟਰ-ਸਾਇਕਲ ਵਾਲੇ ਦੀ ਕਾਰ ਨੂੰ ਰਗੜ ਨਾ ਲੱਗੇ। ਇਨ੍ਹਾਂ ਦੇ ਪੰਡਾਲਾਂ ਵਿੱਚ ਆਣਾ-ਜਾਣਾ ਅਸਾਨ ਹੋਵੇ। ਕਦੇ ਕਦੇ ਸਟੇਜ ਤੋਂ ਵੀ ਬੇਨਤੀ ਕੀਤੀ ਜਾਵੇ ਕਿ ਸੰਗਤਾਂ ਸੇਵਾਦਰਾਂ ਨੂੰ ਸਹਿਯੋਗ ਦੇਣ ਤੇ ਸੇਵਾ ਕਰਨ ਵਾਲਿਆਂ ਨੂੰ ਸ਼ਾਬਾਸ਼ ਦਿੱਤੀ ਜਾਂਦੀ ਰਹੇ। ਸੰਗਤਾਂ ਵੱਲੋਂ ਤੰਦਰੁਸਤ ਮਾਈ ਭਾਈ ਇਹ ਸੇਵਾਵਾਂ ਕਰਨ ਲਈ ਪ੍ਰਬੰਧਕਾਂ ਨੂੰ ਪੇਸ਼ਕਸ਼ ਕਰਨ।

**ਲੰਗਰ**

(ੳ) ਲੰਗਰ ਛਕ ਕੇ ਪਾਣੀ ਦਾ ਪ੍ਰਬੰਧ ਆਮ ਤੌਰ ਤੇ ਨੁਕਸਾਨਦਾਇਕ ਹੁੰਦਾ ਹੈ। ਚਿੱਕੜ ਪਾਣੀ ਤੱਕ ਅਪੜਨ ਹੀ ਨਹੀਂ ਦਿੰਦਾ। ਵੱਡਾ ਪ੍ਰਬੰਧ ਹੋਵੇ ਤੇ ਪਾਣੀ ਦਾ ਨਿਕਾਸ ਪਾਸੇ ਹੋ ਜਾਵੇ। ਲੰਗਰ ਵਿੱਚ ਵੀ ਸਟੇਜ ਦੀ ਆਵਾਜ਼ ਪੂਰੇ ਸੁਹਰ ਨਾਲ ਸੁਣਦੀ ਰਹੇ। ਲੰਗਰ ਛਕਣ ਵਾਲੇ ਸਟੇਜ ਤੇ ਹੋ ਰਹੀ ਗੱਲ ਤੋਂ ਵਾਂਜੇ ਨਾ ਜਾਣ।

(ਅ) **ਪਕੌੜੇ/ਜਲੇਬੀ/ਚਾਹ**

ਇਹ ਪ੍ਰਬੰਧ ਦੀਵਾਨ ਤੋਂ ਕਾਫੀ ਦੂਰ ਹੋਵੇ/ਸਪੀਕਰ ਦੀ ਆਵਾਜ਼ ਤਾਂ ਇਨ੍ਹਾਂ ਕੋਲ ਵੀ ਪੂਰੀ ਜਾਵੇ ਪਰ ਇਨ੍ਹਾਂ ਦੀ ਆਵਾਜ਼ ਦੀਵਾਨ ਵਿੱਚ ਨਾ ਆਵੇ। ਇਹ ਨਾ ਵੀ ਹੋਵੇ ਤਾਂ ਇਸਦੀ ਕੋਈ ਮਹਾਨਤਾ ਨਹੀ ਲੰਗਰ ਹੀ ਕਾਫੀ ਸੇਵਾ ਹੈ ਸੰਗਤ ਦੀ ਵੱਡੀ ਗਿਣਤੀ ਨੂੰ ਪਕੌੜੇ ਜਲੇਬੀ ਅੰਦਰ ਵੀ ਨਹੀ ਆਉਣ ਦਿੰਦੇ। ਸ਼ੋਰ-ਸ਼ਰਾਬਾ, ਧਕਮ-ਧੱਕ ਇਸੇ ਸੇਵਾ ਵਿੱਚ ਪੈਂਦੀ ਹੈ। ਪਕੌੜਿਆ ਜਲੇਬੀਆਂ ਦੇ ਨਿਰੋਲ ਲੰਗਰ ਲਾ ਕੇ ਸੰਗਤਾਂ ਦੀ ਸੇਵਾ ਕਰੀਏ ਜਾਂ ਇਹ ਪਦਾਰਥ ਲੰਗਰ ਦੇ ਨਾਲ ਹੀ ਲੰਗਰ ਅਸਥਾਨ ਤੇ ਵੰਡ ਲਈਏ। ਦੀਵਾਨ ਅਸਥਾਨ ਤੇ ਇਹ ਪਦਾਰਥ ਸੰਗਤ ਨੂੰ ਉਪਦੇਸ਼ ਪੱਖੀ ਨਹੀਂ ਰਹਿਣ ਦੇਂਦੇ, ਪਕੌੜੇ ਪੱਖੀ ਜਾਂ ਜਲੇਬੀ ਪੱਖੀ ਬਣਾਉਂਦੇ ਹਨ ਜੋ ਕੀਰਤਨ ਦਰਬਾਰਾਂ ਦਾ ਉਦੇਸ਼ ਨਹੀਂ।

**ਥੋੜੇ ਸਮੇਂ ਦੇ ਦੀਵਾਨ**

ਤਿੰਨ ਘੰਟੇ ਦਾ ਸਮਾਗਮ ਬਹੁਤ ਵੱਡਾ ਸਮਾਗਮ ਹੁੰਦਾ ਹੈ। ਸਮਾਗਮ ਦਾ ਸਮਾ ਉਹੋ ਹੀ ਮਿਥਿਆ ਜਾਵੇ ਜਿਸ ਸਮੇਂ ਸੰਗਤ ਵੱਧ ਤੋਂ ਵੱਧ ਪਹੁੰਚ ਸਕਦੀ ਹੈ। ਇਸੇ ਸਮੇ ਵਿੱਚ ਇਕ ਰਾਗੀ ਜੱਥਾ ਮਿਥੇ ਹੋਏ ਪਰਕਰਣ ਤੇ ਸ਼ਬਦ ਚੋਣ ਕਰਕੇ

ਬੇਸ਼ੱਕ ਘੰਟਾ ਸਵਾ ਘੰਟਾ ਕੀਰਤਨ ਕਰੇ ਤੇ ਆਪਣੇ ਪਰਕਰਣ ਨੂੰ ਪੂਰਾ ਨਿਭਾਵੇ। ਇਸ ਉਪਰੰਤ ਕੋਈ ਲੈਕਚਰ ਜਾਂ ਕਥਾ ਵਾਚਕ ਪੂਰਾ ਸਮਾ ਲੈ ਕੇ ਸਮਾਗਮ ਦੇ ਮੁੱਖ ਸੰਦੇਸ਼ ਨੂੰ ਨਿਖਾਰ ਦੇਵੇ। ਇਹ ਲੈਕਚਰ ਕਥਾ ਇਕ ਘੰਟੇ ਤੱਕ ਦੀ ਵੀ ਹੋ ਸਕਦੀ ਹੈ। ਇਸੇ ਪਰਕਰਣ ਤੇ ਕੋਈ ਕਵੀ ਦੋ ਕਵਿਤਾਵਾਂ ਪੜੇ ਤੇ ਦੀਵਾਨ ਦੀ ਸਮਾਪਤੀ ਹੋ ਜਾਵੇ! ਸੰਗਤਾਂ ਜ਼ਰੂਰ ਗੁਰੂ ਦਾ ਸੁਨੇਹਾ ਲੈ ਕੇ ਘਰ ਜਾਣਗੀਆਂ।

ਸਮਾਗਮ ਦੇ ਭਰਪੂਰ ਸਮੇਂ ਵਿੱਚ ਇਸਤਰੀ ਸਤਿਸੰਗ ਬੱਚਿਆਂ ਦੇ ਪ੍ਰੋਗਰਾਮ ਨਾ ਮਿੱਥੇ ਜਾਣ। ਇਨ੍ਹਾਂ ਲਈ ਸਵੇਰੇ ਸ਼ਾਮ ਦੇ ਦੀਵਾਨਾਂ ਵਿੱਚ ਵੱਖਰੇ ਦੀਵਾਨ ਕੀਤੇ ਜਾਣ। ਮਾਇਆ ਲਈ ਸਹਿਯੋਗ ਲਈ ਕੋਈ ਵਿਸ਼ੇਸ਼ ਸੂਚਨਾ ਲਈ ਭਰਪੂਰ ਸਮਾਗਮ ਵਿੱਚ ਥੋੜਾ ਸਮਾ ਪ੍ਰਬੰਧਕਾਂ ਵਲੋਂ ਲੈਣਾ ਉਚਿਤ ਹੋਵੇਗਾ।

<u>ਰਾਗੀ ਜੱਥਾ ਤੇ ਪ੍ਰਕਰਣ</u>

ਹਰ ਰਾਗੀ ਜੱਥਾ ਆਪਣੇ ਸਮੇ ਵਿੱਚ ਇਕ ਪਰਕਰਣ ਨਿਭਾਵੇ। ਸ਼ਬਦ ਚੋਣ ਅਜਿਹੀ ਕਰੇ ਕਿ ਤਿੰਨੇ ਸ਼ਬਦ ਇਕ ਦੂਜੇ ਦੇ ਪੂਰਕ ਹੋਣ। ਰਾਗੀ ਸਿੰਘ ਬੋਲ ਸਕਦਾ ਹੈ ਤਾਂ ਆਪ, ਨਹੀਂ ਤਾਂ ਸਟੇਜ ਤੋਂ 5 ਮਿੰਟ ਦੀਆਂ ਟਿੱਪਣੀਆਂ ਰਾਹੀਂ ਪਰਕਰਣ ਨੂੰ ਨਿਖਾਰ ਦਿੱਤਾ ਜਾਵੇ। ਇਕ ਸ਼ਬਦ ਸੰਗਤ ਦੀ ਮਹਾਨਤਾ, ਦੂਜਾ ਸ਼ੁਭ ਅਮਲਾਂ, ਤੀਸਰਾ ਗੁਰਉਸਤਤ ਕੋਈ ਸੁਨੇਹਾ ਨਹੀਂ ਦਿੰਦੇ। ਉਹ ਤਾਂ ਪ੍ਰਸਿੱਧ ਰਾਗੀ ਦੀਆਂ ਪ੍ਰਸਿੱਧ ਕੈਸਟਾਂ ਸੁਨਣ ਵਰਗਾ ਹੈ। ਹਰ ਕੀਰਤਨ ਦਰਬਾਰ ਵਿੱਚ ਕਮ-ਸੇ-ਕਮ ਸਭ ਤੋਂ ਵੱਧ ਹਾਜ਼ਰੀ ਵਾਲੇ ਸਮੇ ਕੋਈ ਸੁਘੜ ਪ੍ਰਚਾਰਕ ਮਿੱਥੇ ਹੋਏ ਉਪਦੇਸ਼ ਵਿਸ਼ੇਸ਼ ਬਾਰੇ ਲੈਕਚਰ ਦੇਵੇ ਜਾਂ ਕਥਾ ਕਰੇ। ਕਈ ਰਾਗੀ ਜੱਥਿਆਂ ਵੱਲੋਂ ਪਰਕਰਣ ਬਣਾ ਕੇ ਇਕੱਠਿਆਂ ਕੀਰਤਨ ਕਰਨਾ ਇਕ ਵਧੀਆ ਤੇ ਨਵੀਨ ਪ੍ਰਥਾ ਬਣੀ ਹੈ ਇਹ ਬਹੁਤ ਹੀ ਅਸਰਦਾਰ ਤੇ ਮਨਮੋਹਣੀ ਹੈ। ਉਸਤਤ ਪੱਖੀ ਨਾਲੋਂ ਸਿਧਾਂਤ ਪੱਖੀ ਹੋ ਕੇ ਪਰਕਰਣ ਚੋਣ ਕੀਤੀ ਜਾਵੇ।

# ਬੜੇ ਗੁਲਾਮ ਅਲੀ ਖਾਂ: ਕਾ ਕਰੂੰ ਸਜਨੀ

**ਪ੍ਰਭਾ ਅਤ੍ਰੇ**

ਪੁਸਤਕ 'ਸਵੱਰਮਈ' ਵਿਚੋਂ ਧੰਨਵਾਦ ਸਹਿਤ

ਬਹੁਤ ਸਾਲ ਹੋ ਗਏ ਬਜ਼ਾਰ ਵਿਚੋਂ ਲੰਘਦਿਆਂ- *ਕਾ ਕਰੂ ਸਜਨੀ* ਠੁਮਰੀ ਦੇ ਬੋਲ ਕੰਨਾਂ ਵਿੱਚ ਪਏ। ਮੈਂ ਉਥੇ ਹੀ ਰੁਕ ਗਈ। ਗਾਣਾ ਸਮਾਪਤ ਹੋਇਆ, ਫਿਰ ਵੀ ਉਥੋਂ ਹਟਣ ਨੂੰ ਮਨ ਨਹੀਂ ਸੀ ਕਰ ਰਿਹਾ। ਮਨ ਪੱਕਾ ਕਰਕੇ ਅੰਦਰ ਗਈ ਅਤੇ ਪੁਛਿਆ ਕੌਣ ਗਾ ਰਿਹਾ ਸੀ? ਇੱਕ ਬਜ਼ੁਰਗ ਆਦਮੀ ਹੱਥ ਵਿੱਚ ਰਿਕਾਰਡ ਲਈ ਖੜੇ ਸਨ। ਮੇਰੇ ਵੱਲ ਵੇਖ ਕੇ ਥੋੜਾ ਜਿਹਾ ਹੱਸੇ ਤੇ ਬੋਲੇ ਇਹ ਰਿਕਾਰਡ ਵੇਖੋ।

ਉਸ ਉੱਤੇ ਨਾਮ ਛਪਿਆ ਹੋਇਆ ਸੀ: ਬੜੇ ਗੁਲਾਮ ਅਲੀ ਖਾਂ ਇਹੀ ਖਾਂ ਸਾਹਿਬ ਦੀ ਅਤੇ ਉਹਨਾਂ ਦੇ ਗਾਣੇ ਦੀ ਪਹਿਲੀ ਯਾਦਗਾਰ ਹੈ।

ਇਸ ਗਾਣੇ ਨੇ ਮੈਨੂੰ ਇਤਨਾ ਦੀਵਾਨਾ ਬਣਾਇਆ ਕਿ ਕਿੰਨੀ ਹੀ ਵਾਰੀ ਮੈਂ ਇਹ ਰਿਕਾਰਡ ਸੁਣਿਆ ਹੋਵੇਗਾ।ਉਸਦਾ ਇੱਕ ਇੱਕ ਸੁਰ ਯਾਦ ਹੋ ਗਿਆ ਸੀ। ਜਿਥੇ ਵੀ ਗਈ ਕਿ 'ਕਾ ਕਰੂੰ ਸਜਨੀ' ਅਤੇ 'ਯਾਦ ਪਿਆ ਕੀ ਆਏ' ਗਾਣਿਆਂ ਦੀ ਫਰਮਾਇਸ਼ ਜ਼ਰੂਰ ਹੁੰਦੀ ਸੀ।

ਪੂਨਾ ਵਰਗੀ ਥਾਂ ਤੇ ਇੱਕ ਸਭਿਅਕ ਪਰਿਵਾਰ ਵਿੱਚ ਮੇਰਾ ਜਨਮ ਹੋਇਆ ਸੀ। ਘਰ ਵਿੱਚ ਸੰਗੀਤ ਨਾਮ ਮਾਤਰ ਵੀ ਨਹੀਂ ਸੀ। ਅਜੇ ਹੀ ਹਾਲਤ ਵਿੱਚ ਮੇਰਾ ਕਲਾਸੀਕਲ ਸੰਗੀਤ ਸਿੱਖਣਾ ਤਾਂ ਠੀਕ ਸੀ ਪਰ ਠੁਮਰੀ ਵੱਲ ਕਦਮ ਮੁੜੇ ਇਹ ਜ਼ਰਾ ਅਸੁਭਾਵਿਕ ਹੀ ਸੀ। ਅਤੇ ਠੁਮਰੀ ਵੀ ਉਹ ਜਿਹੜੀ ਪੰਜਾਬੀ ਚਾਲ ਦੀ, ਰੰਗੀਲੀ ਨਟਖਟ ਅਤੇ ਚਮਤਕਾਰੀਆਂ ਨਾਲ ਭਰਪੂਰ ਸੀ। ਗਾਇਕਾ ਨੂਰਜਹਾਂ ਉਸ ਸਮੇਂ ਮੇਰੀ ਮਨਪਸੰਦ ਅਭਿਨੇਤਰੀ ਸੀ। ਉਸ ਦੇ ਗਾਣੇ ਦਾ ਪ੍ਰਭਾਵ ਮੇਰੇ ਉੱਤੇ ਕਾਫੀ ਰਿਹਾ ਹੈ। ਉਸ ਦੇ ਸੁਰਾਂ ਦੀ ਹਰ ਹਰਕਤ ਮੋਹਕ, ਸਪਸ਼ਟ, ਸੁਰੀਲੀ, ਖ਼ਾਸ ਵਜ਼ਨ ਵਾਲੀ ਅਤੇ ਭਾਵਨਾਵਾਂ ਨੂੰ ਛੂਹਣ ਵਾਲੀ ਸੀ। ਉਸ ਦੇ ਸ਼ਬਦਾਂ ਦੇ ਉਚਾਰਨ ਵਿੱਚ ਵੀ ਇੱਕ ਖ਼ਾਸ ਤਰ੍ਹਾਂ ਦਾ ਲਾਡਲਾਪਨ ਸੀ। ਉਸ ਰਾਹ ਦੇ ਕਿੰਨੇ ਹੀ ਨਵੇਂ ਮੋੜ ਖਾਂ ਸਾਹਿਬ ਦੇ ਰਿਕਾਰਡ ਸੁਣ ਕੇ ਮੇਰੇ ਚੇਤੇ ਦਾ ਹਿੱਸਾ ਬਣੇ। (ਮੇਰੀ ਠੁਮਰੀ ਵੀ ਉਸੇ ਰਾਹ ਤੇ ਚੱਲ ਕੇ ਆਈ ਹੈ ਅਤੇ ਹਿੰਦੀ ਭਾਸ਼ਾ ਸੰਬੰਧੀ ਮੇਰਾ ਪ੍ਰੇਮ ਵੀ ਉਸੇ ਸਮੇਂ ਦਾ ਹੈ।

ਖਾਂ ਸਾਹਿਬ ਨੂੰ ਸਾਹਮਣੇ ਬੈਠੇ ਵੇਖਿਆ ਜਾਵੇ ਉਹਨਾਂ ਦੇ ਕੋਲ ਬੈਠ ਕੇ ਸੁਣਿਆ ਜਾਵੇ ਇਹ ਮੇਰੀ ਤੀਬਰ ਇਛਾ ਸੀ। ਪਰ ਅਜਿਹਾ ਸਮਾਂ ਕਈ ਸਾਲਾਂ ਬਾਅਦ ਪ੍ਰਾਪਤ ਹੋ ਸਕਿਆ। ਇੱਕ ਵਾਰ ਮੈਂ ਕਲਕਤਾ ਗਾਣ ਲਈ ਗਈ ਸੀ। ਕਿਸੇ ਨੇ ਦੱਸਿਆ ਕਿ ਖਾਂ ਸਾਹਿਬ ਇੱਕ ਨਿਜੀ ਮਹਿਫਿਲ ਵਿੱਚ ਗਾ ਰਹੇ ਹਨ। ਮੈਨੂੰ ਅਤਿਅੰਤ ਖੁਸ਼ੀ ਹੋਈ। ਆਪਣਾ ਗਾਣਾ ਖ਼ਤਮ ਕਰਕੇ ਖਾਂ ਸਾਹਿਬ ਦਾ ਗਾਇਨ ਸੁਣਨ ਲਈ ਜਾਣ ਵਿੱਚ ਦੇਰ ਹੋ ਗਈ। ਦੂਰ ਤੋਂ ਹੀ ਸੁਰੀਲੀ ਆਵਾਜ਼ ਸੁਣਾਈ ਦੇ ਰਹੀ ਸੀ: ਕਾ ਕਰੂੰ ਸਜਨੀ? ਮਹਿਫਿਲ ਸਮਾਪਤ ਹੋਣ ਵਾਲੀ ਸੀ। ਉਹ ਆਵਾਜ਼ ਅੱਜ ਵੀ ਯਾਦ ਆਉਂਦੀ ਹੈ ਤਾਂ ਰੋਮ ਰੋਮ ਲਰਜ ਉਠਦਾ ਹੈ। ਇੱਕ ਬੰਗਾਲੀ ਬਾਬੂ ਦਾ ਘਰ ਸੀ। ਹੇਠਾਂ ਚੌਕ ਸੀ। ਉੱਪਰ ਚਾਰੇ ਪਾਸੇ ਛੱਤ, ਪਰਦਾਨਸ਼ੀਨ ਔਰਤਾਂ ਦੇ ਬੈਠਣ ਲਈ ਵੱਖਰੀ ਥਾਂ ਸੀ। ਖਾਂ ਸਾਹਿਬ ਨੂੰ ਕੋਲੋਂ ਵੇਖਣ ਦੀ ਇੱਛਾ ਮਨ ਵਿੱਚ ਹੀ ਰਹਿ ਗਈ।ਪਰ ਅਖੀਰ ਵਿੱਚ ਭੈਰਵੀ ਸੁਣ ਕੇ ਮਨ ਤ੍ਰਿਪਤ ਹੋ ਗਿਆ ਸੀ।

ਮਾਈਕ ਨਹੀਂ ਸੀ। ਫਿਰ ਵੀ ਆਵਾਜ਼ ਦੀਆਂ ਧੀਮੀਆਂ ਨਾਜ਼ਕ ਬਾਰੀਕੀਆਂ ਸਪਸ਼ਟ ਸੁਣਾਈ ਦੇ ਰਹੀਆਂ ਸਨ। ਖਾਂ ਸਾਹਿਬ ਦੀ ਆਵਾਜ਼ ਵਿੱਚ ਇੱਕ ਅਲੱਗ ਤਰ੍ਹਾਂ ਦੀ ਝਨਕਾਰ ਹੈ ਜਿਸ ਨੂੰ ਸੰਗੀਤ ਦੀ ਭਾਸ਼ਾ ਵਿੱਚ ਜਵਾਰੀ

ਕਹਿੰਦੇ ਨੇ। ਤਾਨਪੂਰੇ ਵਰਗੀ ਆਵਾਜ਼ ਦੀ ਵੀ ਜਵਾਰੀ ਖੋਲਣੀ ਪੈਂਦੀ ਹੈ, ਇਹ ਮੈਨੂੰ ਉਦੋਂ ਸਮਝ ਵਿੱਚ ਆਇਆ ਸੀ। ਖਾਂ ਸਾਹਿਬ ਦਾ ਸਾਹਿਬ ਦਾ ਸਵਰ ਲਗਾਵ ਉਂਜ ਮਰਦਾਨਾ, ਰੋਬਦਾਰ ਅਤੇ ਚੌੜਾ ਸੀ ਪਰ ਫਿਰ ਵੀ ਮੱਖਣ ਵਾਂਗ ਮੁਲਾਇਮ ਅਤੇ ਹਲਕਾ ਵੀ ਸੀ, ਨਾਜ਼ੁਕ, ਚੰਚਲ, ਦੂਰ ਤਕ ਪਹੁੰਚਣ ਵਾਲਾ ਵੀ ਸੀ: ਬਿਲਕੁਲ ਉਹਨਾਂ ਦੇ ਕਾਬੂ ਵਿੱਚ। ਖਾਂ ਸਾਹਿਬ ਦੀ ਆਵਾਜ਼ ਪਹਿਲਾਂ ਕਿਹੋ ਜਿਹੀ ਸੀ ਇਸ ਦਾ ਕਿਸ ਨੂੰ ਪਤਾ ਹੈ। ਪਰ ਉਹ ਬਹੁਤ ਵੱਡੇ ਰਿਆਜ਼ੀ ਜ਼ਰੂਰ ਸਨ। ਖਰਜ ਅਤੇ ਤਾਰ ਸਪਤਕ ਦਾ ਅੰਤਰ ਇਸ ਆਵਾਜ਼ ਵਿੱਚ ਕਦੇ ਮਹਿਸੂਸ ਨਹੀਂ ਸੀ ਹੋਇਆ। ਗਾਉਣ ਸਮੇਂ ਉਹਨਾਂ ਦੀ ਆਵਾਜ਼ ਦੀ ਮਧੁਰਤਾ ਕਦੀ ਘਟ ਨਹੀਂ ਹੋਈ। ਵੰਨਸੁਵੰਨਤਾ ਉਹਨਾਂ ਦੇ ਗਾਇਨ ਦੀ ਖਾਸ ਵਿਸ਼ੇਸ਼ਤਾ ਸੀ। ਇਕ ਪਾਸੇ ਗਤੀ ਦੀ ਗਮਕ ਰਹਿੰਦੀ ਅਤੇ ਦੂਜੇ ਹੀ ਛਿਣ ਬਿਜਲੀ ਵਾਂਗ ਤੇਜ਼ ਗਤੀ ਨਾਲ ਤਾਨ ਆ ਜਾਂਦੀ ਸੀ। ਸੁਰਾਂ ਉੱਤੇ ਸਿੱਧਾ, ਸਰਲ ਠਹਿਰਾਉ ਸੁਣਦਿਆਂ ਸੁਣਦਿਆਂ ਹੀ ਅਗਲੇ ਪਲ ਛੋਟੀਆਂ ਛੋਟੀਆਂ ਚਮਤਕਾਰ ਭਰੇ ਸੁਰ ਕਣਾਂ ਨਾਲ ਸਜੀ ਹੋਈ ਵੇਲ ਬੂਟਿਆਂ ਦੀ ਕਲਾ ਸਾਹਮਣੇ ਆ ਜਾਂਦੀ ਸੀ। ਉਂਨੇ ਵਜ਼ਨ ਦੇ ਧੱਕੇ ਸੁਰਾਂ ਨੂੰ ਦਿੰਦਿਆਂ ਹੋਇਆਂ ਕੁਝ ਸੁਰਸੰਗਤੀਆਂ ਅੱਗੇ ਸਰਕਦੀਆਂ ਸਨ। ਕੁਝ ਸੁਡੌਲ ਮੋੜਾਂ ਨਾਲ ਸੁਭਾਇਮਾਨ ਹੁੰਦੀਆਂ ਸਨ। ਖਾਂ ਸਾਹਿਬ ਦੇ ਗਲੇ ਦੀ ਕੋਈ ਗੱਲ ਚੰਗੀ ਨਾ ਲੱਗੇ ਅਜਿਹਾ ਹੋ ਹੀ ਨਹੀਂ ਸੀ ਸਕਦਾ। ਉਹਨਾਂ ਦਾ ਸ਼ਬਦ ਉਚਾਰਨ ਵੀ ਸਪਸ਼ਟ ਅਤੇ ਸੰਗੀਤਕ ਸੀ। ਉਸ ਦਾ ਕਾਰਨ ਨੀਚੇ ਦੇ ਅਤੇ ਉੱਪਰ ਦੇ ਕਿਸੇ ਵੀ ਸੁਰ ਤੇ ਸ਼ਬਦ ਆਪਣੇ ਸੁਭਾਵਿਕ ਆਕਾਰ ਨੂੰ ਸੰਭਾਲਦੇ ਹੋਏ ਆਉਂਦੇ ਸਨ। ਖ਼ਿਆਲ ਗਾਇਕੀ ਵਿੱਚ ਸ਼ਬਦ ਉਚਾਰਨ, ਸ਼ਬਦਾਰਥ ਅਤੇ ਭਾਵਾਂ ਦੇ ਮਹੱਤਵ ਨੂੰ ਮਹਿਸੂਸ ਕਰਕੇ ਗਾਉਣ ਵਾਲੇ ਗਾਇਕ ਵਿਰਲੇ ਹੀ ਹਨ। -ਸਥਾਈ ਅੰਤਰਾ ਜ਼ਰੂਰ ਗਾਉਣਾ ਚਾਹੀਦਾ ਹੈ- ਅਜਿਹਾ ਕਹਿਣ ਵਾਲਿਆਂ ਨੂੰ ਇਸ ਗੱਲ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ।

ਖਾਂ ਸਾਹਿਬ ਦੀ ਕਾਰੀਗਰੀ ਵਿਲੱਖਣ ਸੀ। ਕਿਸੇ ਸੁਰ ਤੋਂ ਕਿੱਥੇ ਜਾਣਗੇ ਇਸ ਦਾ ਕੋਈ ਇਲਮ ਨਹੀਂ ਸੀ ਹੁੰਦਾ। ਇੱਕ ਰਾਗ ਤੋਂ ਦੂਜੇ ਰਾਗ ਵਿੱਚ ਇਤਨੀ ਸਹਿਜਤਾ ਨਾਲ ਪ੍ਰਵੇਸ਼ ਕਰ ਜਾਂਦੇ ਸਨ ਕਿਸ ਥਾਂ ਜੋੜ ਦਿੱਤਾ ਹੈ, ਇਹ ਸਮਝ ਵਿੱਚ ਨਹੀਂ ਸੀ ਆਉਂਦਾ ।ਪੰਜਾਬੀ ਅੰਗ ਵਿੱਚ ਸੁਰਾਂ ਦੀ ਪੇਸ਼ਕਾਰੀ ਸਮੇਂ ਤਾਂ ਸਮਝੋ ਸਮਾਂ ਰੁਕ ਜਾਂਦਾ ਸੀ। ਖਾਂ ਸਾਹਿਬ ਅੱਧਾ ਅੱਧਾ ਘੰਟਾ ਗੁਆਚ ਜਾਂਦੇ ਸਨ। ਇਸ ਲਈ ਉਹਨਾਂ ਦੀ ਪਹਾੜੀ ਅਤੇ ਸਿੰਧੀ ਭੈਰਵੀ ਖ਼ਾਸ ਤੌਰ ਤੇ ਸੁਣਨੀਆਂ ਚਾਹੀਦੀਆਂ ਹਨ।

ਠੁਮਰੀ ਵਿੱਚ ਵੀ ਖਾਂ ਸਾਹਿਬ ਸਰਗਮ ਗਾਂਦੇ ਸਨ, ਤਾਨ ਲੈਂਦੇ ਸਨ, ਪਰ ਠੁਮਰੀ ਦਾ ਅੰਗ ਕਦੀ ਉਹਨਾਂ ਵੱਖ ਨਹੀਂ ਸੀ ਹੋਣ ਦਿੱਤਾ। ਉਹਨਾਂ ਦੀ ਸਰਗਮ ਅਤੇ ਤਾਨ ਠੁਮਰੀ ਦਾ ਅੰਗ ਬਣ ਕੇ ਹੀ ਆਉਂਦੀ ਸੀ। ਇਸ ਦੇ ਲਈ ਉਹਨਾਂ ਦੀ ਟੀਕਾ ਟਿੱਪਣੀ ਵੀ ਕੀਤੀ ਜਾਂਦੀ ਰਹੀ ਹੈ। ਕਥਿਤ ਸ਼ਾਸਤਰ ਦੀਆਂ ਸੀਮਾਵਾਂ ਤੋੜ ਕੇ ਕੋਈ ਕਲਾਕਾਰ ਕਿਵੇਂ ਮੁਕਤ ਹੁੰਦਾ ਹੈ ਇਸ ਗੱਲ ਦੀ ਸਮਝ ਇਹਨਾਂ ਟੀਕਾਕਾਰਾਂ ਨੂੰ ਕਦੋਂ ਹੁੰਦੀ ਹੈ। ਕੇਵਲ ਸਰਗਮ ਤਾਨ ਨਾਲ ਖ਼ਿਆਲ ਅਤੇ ਠੁਮਰੀ ਵਿੱਚ ਅੰਤਰ ਹੋ ਸਕਦਾ ਤਾਂ ਹਰ ਖ਼ਿਆਲ ਗਾਇਕ ਨੇ ਠੁਮਰੀ ਗਾ ਲਈ ਹੁੰਦੀ। ਸ਼ਾਸਤਰੀ ਸੰਗੀਤ ਅਤੇ ਸੁਗਮ ਸੰਗੀਤ ਦਾ ਅੰਤਰ ਬੜਾ ਸੂਖਮ ਹੈ। ਮੋਟੇ ਤੌਰ ਤੇ ਇਹ ਸਮਝ ਨਹੀਂ ਆ ਸਕਦਾ। ਵਿਦਵਾਨਾਂ ਨੂੰ ਇਸ ਬਾਰੇ ਵਿਚਾਰ ਕਰਨਾ ਚਾਹੀਦਾ ਹੈ।

ਖਾਂ ਸਾਹਿਬ ਨੂੰ ਕਹਿਰਵੇ ਦਾ ਇੱਕ ਖ਼ਾਸ ਠੇਕਾ ਪਸੰਦ ਸੀ। ਪ੍ਰਤੱਖ ਰੂਪ ਵਿੱਚ ਇਸ ਨੂੰ ਚਾਰ ਮਾਤਰਾਂ ਦਾ ਠੇਕਾ ਕਹਿ ਸਕਦੇ ਹਾਂ। ਕਿਸੇ ਨੂੰ ਹੱਥ ਨਾਲ ਠੇਕਾ ਫੜਨਾ ਆਉਣਾ ਚਾਹੀਦਾ ਹੈ। ਠੇਕੇ ਦੇ ਵਜ਼ਨ ਵਿੱਚ ਸੁਰਾਂ ਨੂੰ ਅਤੇ ਸ਼ਬਦਾਂ ਨੂੰ ਖਾਂ ਸਾਹਿਬ ਇੰਜ ਖਿਡਾਉਂਦੇ ਸਨ ਕਿ ਸਰੋਤੇ ਉਸ ਵਿੱਚ ਵਹਿੰਦੇ ਚਲੇ ਜਾਂਦੇ ਸਨ। ਸੁਰ ਮੰਡਲ ਸਾਜ਼ ਨੂੰ ਉਹਨਾਂ ਨੇ ਸੰਗਤ ਦੇ ਸਾਜ਼ ਦਾ ਦਰਜਾ ਦਿਵਾ ਦਿੱਤਾ ਸੀ। ਸੁਰ-ਮੰਡਲ ਦਾ ਅਜਿਹਾ ਉਚਿਤ ਪ੍ਰਯੋਗ ਸ਼ਾਇਦ ਹੀ ਕਿਸੇ ਨੇ ਕੀਤਾ ਹੋਵੇ। ਸੁਰ ਮੰਡਲ ਨਾਲ ਉਹਨਾ ਆਵਾਜ਼ ਦੀ

ਸੁਰ ਆਕਿਰਤੀ ਕੁਝ ਵਧੇਰੇ ਹੀ ਖੁਲੀ ਹੋਈ ਦਿਖਾਈ ਦਿੰਦੀ ਸੀ। ਖਾਂ ਸਾਹਿਬ ਦਾ ਜਿੰਨਾ ਗਾਣਾ ਖੁਸ਼ੀ ਭਰਿਆ ਸੀ ਉਂਨੇ ਹੀ ਉਹਨਾਂ ਦੇ ਹਾਵਭਾਵ ਖੁਸ਼ੀ ਭਰੇ ਸਨ। ਉਹਨਾਂ ਦੇ ਉਸ ਬੇਡੌਲ ਸਰੀਰ ਤੋਂ ਕੋਮਲ ਸੁਰ ਕਿਵੇਂ ਨਿਕਲਦੇ ਸਨ? ਇਹ ਇੱਕ ਅਜੂਬਾ ਹੀ ਸੀ। ਅਜਿਹੇ ਕਲਾਕਾਰਾਂ ਤੋਂ ਜੇ ਰਿਆਜ਼ ਕਰਨ ਦਾ ਗੁਰ ਮੰਤਰ ਲੈ ਲਿਆ ਜਾਵੇ ਤਾਂ ਕਲਾ ਸਾਧਨਾ ਕਰਨ ਵੇਲੇ ਕਿੰਨੀਆਂ ਹੀ ਗ਼ੈਰ ਜ਼ਰੂਰੀ ਗੱਲਾਂ ਟਾਲੀਆਂ ਜਾ ਸਕਦੀਆਂ ਹਨ। ਖਾਂ ਸਾਹਿਬ ਨੇ ਸੰਗੀਤ ਦੇ ਸਾਰੇ ਅੰਗਾਂ ਤੇ ਵਿਚਾਰ ਕੀਤਾ ਸੀ, ਇਹ ਜ਼ਰੂਰ ਕਿਹਾ ਜਾ ਸਕਦਾ ਹੈ। ਇਹ ਉਹਨਾਂ ਦੇ ਗਾਇਨ ਤੋਂ ਸਪਸ਼ਟ ਹੁੰਦਾ ਹੈ। ਇਸ ਲਈ ਉਹਨਾਂ ਦਾ ਗਾਇਨ ਸਦਾ ਤਾਜ਼ਾ ਰਹਿਣ ਵਾਲਾ ਹੈ, ਨਵੀਂ ਪੀੜ੍ਹੀ ਨੂੰ ਪ੍ਰੇਰਨਾ ਦੇਣ ਵਾਲਾ ਹੈ।

ਖਾਂ ਸਾਹਿਬ ਨੂੰ ਲਕਵਾ ਹੋ ਗਿਆ। ਕਲਾਕਾਰ ਦੀ ਤਾਂ ਜਿਵੇਂ ਜੀਉਂਦੇ ਜੀ ਮੌਤ ਹੋਵੇ। ਅਜੇਹੀ ਹਾਲਤ ਵਿੱਚ ਵੀ ਉਹ ਗਾਉਂਦੇ ਰਹੇ। ਕਦੀ ਗਾਉਣ ਵੇਲੇ ਉਹਨਾਂ ਦੀਆਂ ਅੱਖਾਂ ਵਿੱਚ ਪਾਣੀ ਆ ਜਾਂਦਾ ਸੀ। ਉਹਨਾਂ ਦੀ ਆਪਣੀ ਹੀ ਆਵਾਜ਼ ਉਹਨਾਂ ਨੂੰ ਧੋਖਾ ਦੇਣ ਲੱਗ ਪਈ ਸੀ।

ਆਪਣੀ ਬਿਮਾਰੀ ਦੇ ਦੌਰਾਨ ਹੀ ਕੁਝ ਦਿਨਾਂ ਲਈ ਉਹ ਹੈਦਰਾਬਾਦ ਗਏ ਸਨ। ਗੰਧਰਬ ਮਹਾਂਵਿਦਿਆਲੇ ਦੀ ਕਾਨਫਰੰਸ ਲਈ ਮੈਂ ਵੀ ਉੱਥੇ ਗਈ ਹੋਈ ਸਾਂ।

ਜੇ ਖਾਂ ਸਾਹਿਬ ਨੂੰ ਮਿਲਣਾ ਹੈ ਤਾਂ ਉਹਨਾਂ ਨੂੰ ਆਪਣਾ ਆਪਣਾ ਗਾਣਾ ਸੁਨਾਉਣਾ ਪਵੇਗਾ।

ਖਾਂ ਸਾਹਿਬ ਨੂੰ ਮਿਲਣ ਦੀ ਇੱਛਾ ਤਾਂ ਸੀ ਪਰ ਉਹਨਾਂ ਸਾਹਮਣੇ ਗਾਉਣਾ?

ਉਹ ਸ਼ਾਮ ਮੈਨੂੰ ਅਜੇ ਵੀ ਯਾਦ ਹੈ, ਜਦੋਂ ਖਾਂ ਸਾਹਿਬ ਦੇ ਪੈਰਾਂ ਉੱਤੇ ਮੇਰਾ ਸਿਰ ਪਿਆ ਹੋਇਆ ਸੀ।

ਕੀ ਹਾਲ ਹੈ ਬੇਟੀ? ਉਹੀ ਆਵਾਜ਼।

ਮੇਰੇ ਮੂੰਹ ਵਿੱਚੋਂ ਸ਼ਬਦ ਨਹੀਂ ਸੀ ਨਿਕਲ ਰਹ। ਹੱਥਾਂ ਵਿੱਚ ਤਾਨਪੂਰਾ ਲਿਆ। ਖਾਂ ਸਾਹਿਬ ਨੇ ਮੇਰੇ ਗਾਉਣ ਤੇ ਦਿਲ ਖੋਹਲ ਕੇ ਦਾਦ ਦਿੱਤੀ। ਉਹਨਾਂ ਦੇ ਅੰਦਰਲਾ ਸਰੋਤਾ ਮਨ ਇਤਨਾ ਉਦਾਰ ਅਤੇ ਪਿਆਰ ਭਰਿਆ ਹੋਵੇਗਾ ਇਸਦਾ ਮੈਨੂੰ ਅੰਦਾਜ਼ਾ ਨਹੀਂ ਸੀ। ਖ਼ਿਆਲ ਖਤਮ ਕਰਨ ਤੋਂ ਬਾਅਦ ਜਦੋਂ ਮੈਂ ਤਾਨਪੂਰਾ ਰੱਖਣ ਲੱਖੀ ਤਾਂ ਉਹ ਬੋਲੇ - ਹਾਂ ਬੇਟੀ ਉਹ -ਕਾ ਕਰੂੰ ਸਜਨੀ ਸੁਣਾਓ।

ਮੈਂ ਠੁਮਰੀ ਗਾਉਂਦੀ ਹਾਂ ਇਹ ਖਾਂ ਸਾਹਿਬ ਨੂੰ ਕਿਹਨੇ ਦੱਸਿਆ?

ਮੇਰੀਆਂ ਅੱਖਾਂ ਵਿੱਚ ਪਾਣੀ ਆ ਗਿਆ। ਮੈਂ ਠੁਮਰੀ ਗਾਉਣੀ ਸ਼ੁਰੂ ਕੀਤੀ। ਖਾਂ ਸਾਹਿਬ ਨੇ ਅੱਖਾਂ ਬੰਦ ਕਰ ਲਈਆਂ। ਖਾਂ ਸਾਹਿਬ ਕੁਝ ਸੋਚ ਰਹੇ ਸਨ। ਸ਼ਾਇਦ ਉਹਨਾਂ ਨੂੰ ਇਸ ਅਪੰਗ ਅਵਸਥਾ ਵਿੱਚ ਆਪਣਾ ਭੂਤਕਾਲ ਯਾਦ ਆ ਰਿਹਾ ਸੀ।

ਠੁਮਰੀ ਸਮਾਪਤ ਹੋਣ ਤੇ ਉਹਨਾਂ ਨੇ ਮੈਨੂੰ ਆਪਣੇ ਕੋਲ ਬੁਲਾਇਆ ਤੇ ਬੋਲੇ-

ਭਗਵਾਨ ਨੇ ਤੈਨੂੰ ਚੰਗਾ ਗਲਾ ਦਿੱਤਾ ਹੈ, ਚੰਗੀ ਬੁੱਧੀ ਦਿੱਤੀ ਹੈ, ਖੂਬ ਗਾਓ।

ਮੇਰੀ ਠੁਮਰੀ ਨੂੰ ਖਾਂ ਸਾਹਿਬ ਦਾ ਅਸ਼ੀਰਵਾਦ ਮਿਲ ਗਿਆ। ਇਹ ਮੇਰੇ ਲਈ ਚੰਗੇ ਭਾਗਾਂ ਦੀ ਗੱਲ ਸੀ।

*ਪੰਜਾਬੀ ਰੂਪ- ਡਾ ਜਾਗੀਰ ਸਿੰਘ*

# ਸੰਗੀਤ ਵਿਚ ਤਾਲ ਦਾ ਮਹੱਤਵ

**ਗੁਰਕੰਵਲ ਕੌਰ**
193 ਸੈਕਟਰ 45 ਏ
ਚੰਡੀਗੜ੍ਹ

ਸਵਰ ਅਤੇ ਤਾਲ ਸੰਗੀਤ ਦੇ ਦੋ ਅਧਾਰ ਹਨ। ਸਵਰ ਦਾ ਅਧਾਰ 'ਸ਼ਰੂਤੀ' ਅਤੇ ਤਾਲ ਦਾ ਅਧਾਰ 'ਲੈਅ' ਹੈ ਸੰਗੀਤ ਵਿਚ ਲੈਅ ਅਤੇ ਮਹੱਤਵ ਹੈ। ਤਾਲ ਨਾਲ ਗਾਇਨ, ਵਾਦਨ ਅਤੇ ਨ੍ਰਿਤ ਵਿਚ ਜਾਨ ਪੈ ਜਾਂਦੀ ਹੈ ਅਤੇ ਸੰਗੀਤ ਅਨੰਦਾਇਕ ਅਤੇ ਪ੍ਰਭਾਵਸ਼ਾਲੀ ਬਣ ਜਾਂਦਾ ਹੈ। ਇਹੀ ਕਾਰਨ ਹੈ ਕਿ ਤਾਲ ਦਾ ਵੀ ਸੰਗੀਤ ਵਿਚ ਉਨਾ ਹੀ ਮਹੱਤਵਪੂਰਨ ਸਥਾਨ ਮੰਨਿਆ ਜਾਂਦਾ ਹੈ, ਜਿੰਨਾ ਕਿ ਸਵਰ ਦਾ।

ਸੰਗੀਤ ਵਿਚ ਜੇਕਰ 'ਸ਼ਰੂਤੀ' ਮਾਤਾ ਦੇ ਸਮਾਨ ਹੈ ਤਾਂ 'ਲੈਅ' ਪਿਤਾ ਦੇ ਸਮਾਨ ਹੈ। 'ਲੈਅ' ਸਮੇਂ ਦੀ ਇਕ ਨਿਰੰਤਰ ਗਤੀ ਜਾਂ ਚਾਲ ਦੀ ਕ੍ਰਮਤਾ ਨੂੰ ਕਿਹਾ ਜਾਂਦਾ ਹੈ। ਲੈਅ ਸਰਬ ਵਿਆਪਕ ਹੈ। ਕੇਵਲ ਸੰਗੀਤ ਵਿਚ ਹੀ ਨਹੀਂ ਬਲਕਿ ਪ੍ਰਾਕ੍ਰਿਤੀ ਅਤੇ ਮਨੁੱਖੀ ਜੀਵਨ ਦੇ ਹਰੇਕ ਖੇਤਰ ਵਿਚ ਲੈਅ ਮੌਜੂਦ ਹੈ। ਅਸਲ ਵਿਚ ਸਾਰੀ ਸ੍ਰਿਸ਼ਟੀ ਦਾ ਸੰਚਾਲਨ ਲੈਅ ਦੁਆਰਾ ਹੀ ਹੁੰਦਾ ਹੈ। ਸੂਰਜ ਚੜ੍ਹਨ ਤੋਂ ਸੂਰਜ ਛਿਪਣ ਤੱਕ ਚੰਦ, ਮੌਸਮ, ਦਿਨ, ਰਾਤ, ਮਹੀਨੇ, ਸਾਲ ਆਦਿ ਨਿਰੰਤਰ ਗਤੀ ਵਿਚ ਚਲਦੇ ਹਨ। ਮਨੁੱਖ ਦੇ ਜੀਵਨ ਵਿਚ ਵੀ ਇਕ ਪ੍ਰਕਾਰ ਦੀ ਲੈਅ ਮੌਜੂਦ ਹੈ। ਹਿਰਦੇ ਦੀ ਗਤੀ ਦਾ ਚਲਣਾ, ਸਾਹ ਲੈਣਾ, ਚਲਣਾ-ਫਿਰਨਾ, ਬੋਲਣਾ ਆਦਿ ਸਭ ਵਿਚ ਲੈਅ ਮੌਜੂਦ ਹੈ।

ਸੰਗੀਤ ਵਿਚ ਤਾਲ ਦੀ ਨਿਯਮਿਤ ਗਤੀ ਜਾਂ ਲੈਅ 'ਤਾਲ' ਨੂੰ ਜਨਮ ਦਿੰਦੀ ਹੈ। ਸੰਗੀਤ ਵਿਚ ਗਾਇਨ, ਵਾਦਨ ਅਤੇ ਨ੍ਰਿਤ ਦੀਆਂ ਕ੍ਰਿਆਵਾਂ ਵਿਚ ਜੋ ਸਮਾਂ ਲਗਦਾ ਹੈ, ਉਸਦੇ ਮਾਪਣ ਨੂੰ 'ਤਾਲ' ਕਿਹਾ ਜਾਂਦਾ ਹੈ। ਭਿੰਨ-ਭਿੰਨ ਮਾਤ੍ਰਾਵਾਂ ਦੇ ਸਮੂਹ ਤੋਂ ਭਿੰਨ-ਭਿੰਨ ਤਾਲਾਂ ਦੀ ਰਚਨਾ ਹੁੰਦੀ ਹੈ। ਜਿਸ ਤਰ੍ਹਾਂ ਸਕਿੰਟ ਤੋਂ ਮਿੰਟ, ਮਿੰਟ ਤੋਂ ਘੰਟੇ ਤੇ ਘੰਟਿਆਂ ਤੋਂ ਦਿਨ-ਰਾਤ ਬਣਦੇ ਹਨ।

ਤਾਲ ਸੰਗੀਤ ਨੂੰ ਸੰਚਾਲਿਤ ਕਰਦਾ ਹੈ। ਤਾਲ ਦਾ ਨਿਰਧਾਰਨ ਹੋਣ ਨਾਲ ਗਾਇਕ, ਵਾਦਕ ਇਕ ਮਰਿਆਦਾ ਵਿਚ ਬੰਝ ਜਾਂਦੇ ਹਨ ਅਤੇ ਉਨ੍ਹਾਂ ਲਈ ਤਾਲ ਦਾ ਨਿਰਵਾਹ ਕਰਨਾ ਜ਼ਰੂਰੀ ਹੋ ਜਾਂਦਾ ਹੈ। ਤਾਲ ਸੰਗੀਤ ਨੂੰ ਇਕ ਨਿਸਚਿਤ ਸਮੇਂ ਦੇ ਬੰਧਨ ਵਿਚ ਬੰਨਦਾ ਹੈ। ਤਾਲਹੀਨ ਬਿਖਰੇ ਹੋਏ ਸੰਗੀਤ ਵਿਚ ਸਾਰਥਕਤਾ ਨਹੀਂ ਹੁੰਦੀ। ਪੁਰਾਤਨ ਗ੍ਰੰਥਾਂ ਵਿਚ ਤਾਲ ਦੇ ਬਿਨਾਂ ਗਾਇਨ, ਵਾਦਨ ਅਤੇ ਨ੍ਰਿਤ ਦੀ ਤੁਲਨਾ ਮਸਤ ਹਾਥੀ ਨਾਲ ਕੀਤੀ ਗਈ ਹੈ। 'ਤਾਲ' ਸੰਗੀਤ ਨੂੰ ਅਨੁਸ਼ਾਸਿਤ ਕਰਕੇ, ਉਸਦੇ ਸੁਗਠਿਤ ਰੂਪ, ਸਥਾਈਪਨ ਨਾਲ ਸ੍ਰੋਤਿਆਂ ਨੂੰ ਵਿਭੋਰ ਕਰ ਦਿੰਦਾ ਹੈ।

ਤਾਲ ਵਾਦਕਾਂ ਦਾ ਵਾਦਨ ਸੁਣਦੇ ਸਮੇਂ ਸਾਡੇ ਹੱਥ, ਪੈਰ, ਸਿਰ ਆਦਿ ਹਿਲਣ ਲਗ ਪੈਂਦੇ ਹਨ ਜਾਂ ਤਾਲ ਗਤੀ ਦਾ ਅਨੁਕਰਣ ਕਰਨ ਲਗਦੇ ਹਨ। ਤਾਲ ਦੁਆਰਾ ਆਨੰਦ ਅਨਭੂਤੀ ਦਾ ਪ੍ਰਤੱਖ ਪ੍ਰਦਰਸ਼ਨ ਬੱਚਿਆਂ ਵਿਚ ਦੇਖਿਆ ਜਾ ਸਕਦਾ ਹੈ ਜੋ ਤਾਲ ਦੀ ਥਾਪ ਤੇ ਬਿਨ੍ਹਾਂ ਕਿਸੇ ਸੰਕੋਚ ਦੇ ਨੱਚਣ ਲਗ ਪੈਂਦੇ ਹਨ। ਇਸ ਤਰ੍ਹਾਂ ਇਹ ਗਲ ਸਪਸ਼ਟ ਹੋ ਜਾਂਦੀ ਹੈ ਕਿ ਤਾਲ ਦੀ ਪਿਠ ਭੂਮੀ ਇਕ ਪਲ ਲਈ ਵੀ ਅਨੰਦ ਪ੍ਰਾਪਤੀ ਵਿਚ ਰੁਕਾਵਟ ਨਹੀਂ ਬਣਦੀ ਬਲਕਿ ਇਹ ਸੰਗੀਤ ਦੇ ਪ੍ਰਭਾਵ ਵਿਚ ਵਾਧਾ ਕਰਦੀ ਹੈ। ਰਾਗ ਦੀ ਤਰ੍ਹਾਂ ਹਰੇਕ ਤਾਲ ਦਾ ਵੀ ਆਪਣਾ ਪ੍ਰਭਾਵ ਜਾਂ ਵਿਸ਼ੇਸ਼ਤਾਵਾਂ ਹੁੰਦੀਆਂ ਹਨ। ਜਿਸ ਤਰ੍ਹਾਂ ਰਾਗਾਂ ਦੀ ਪ੍ਰਾਕ੍ਰਿਤੀ ਗੰਭੀਰ ਚੰਚਲ ਅਤੇ ਸ਼ਾਂਤ ਹੁੰਦੀ ਹੈ ਉਸੇ ਤਰ੍ਹਾਂ ਤਾਲਾਂ ਦੀ ਵੀ ਪ੍ਰਾਕ੍ਰਿਤੀ ਵੀ ਗੰਭੀਰ, ਸ਼ਾਂਤ ਅਤੇ ਚੰਚਲ ਹੁੰਦੀ ਹੈ। ਉਦਾਹਰਨ ਦੇ ਤੌਰ 'ਤੇ ਤਿਲਵਾੜਾ, ਵਿਲੰਬਿਤ ਇਕ ਤਾਲ, ਚਾਰ ਤਾਲ ਅਤੇ ਧਮਾਰ

ਤਾਲ ਆਦਿ ਗੰਭੀਰ ਪ੍ਰਾਕ੍ਰਿਤੀ ਦੀਆਂ ਤਾਲਾਂ ਹਨ। ਕਿਉਂਕਿ ਹਰੇਕ ਤਾਲ ਦੀ ਆਪਣੀ ਪ੍ਰਕ੍ਰਿਤੀ ਜਾਂ ਆਪਣਾ-ਆਪਣਾ ਪ੍ਰਭਾਵ ਹੁੰਦਾ ਹੈ। ਇਸ ਲਈ ਭਿੰਨ-ਭਿੰਨ ਗਾਇਨ ਸ਼ੈਲੀਆਂ ਵਿਚ ਉਨ੍ਹਾਂ ਦੇ ਅਨੁਸਾਰ ਹੀ ਤਾਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਉਦਾਹਰਨ ਦੇ ਤੌਰ 'ਤੇ -

ਧਰੁਪਦ ਅੰਗ ਦੇ ਤਾਲ: ਚਾਰ ਤਾਲ, ਆੜਾ ਚਾਰ ਤਾਲ, ਸੂਲ ਤਾਲ, ਧਮਾਰ।

ਖਿਆਲ ਅੰਗ ਦੇ ਤਾਲ: ਤਿਲਵਾੜਾ, ਇਕ ਤਾਲ, ਝੂਮਰਾ ਆਦਿ।

ਠੁਮਰੀ ਅੰਗ ਦੇ ਤਾਲ: ਦੀਪਚੰਦੀ, ਅੱਧਾ ਤਿੰਨ ਤਾਲ, ਝੱਪਤਾਲ ਆਦਿ।

ਟੱਪਾ ਅੰਗ ਦੇ ਤਾਲ: ਪੰਜਾਬੀ ਠੇਕਾ, ਜੱਤ ਤਾਲ ਆਦਿ।

ਸੁਗਮ ਸੰਗੀਤ ਦੇ ਤਾਲ: ਕਹਿਰਵਾ, ਦਾਦਰਾ, ਰੂਪਕ, ਧੁਮਾਲੀ ਆਦਿ।

ਚਾਰ ਤਾਲ ਅਤੇ ਧਮਾਰ ਤਾਲ ਦੁਆਰਾ ਬੀਰ, ਰੌਦਰ ਅਤੇ ਅਦਭੁਤ ਰਸਾਂ ਦੀ ਉਤਪੱਤੀ ਹੁੰਦੀ ਹੈ। ਇਕ ਤਾਲ, ਝੂਮਰਾ ਤਾਲ ਅਤੇ ਤਿਲਵਾੜਾ ਦੇ ਦੁਆਰਾ ਸ਼ਾਂਤ, ਸ਼ਿੰਗਾਰ ਅਤੇ ਕਰੁਣਾ ਰਸ ਦੀ ਉਤਪੱਤੀ ਹੁੰਦੀ ਹੈ ਅਤੇ ਤਿੰਨ ਤਾਲ, ਝੱਪ ਤਾਲ, ਰੂਪਕ, ਕਹਿਰਵਾ ਆਦਿ ਤਾਲਾਂ ਦੇ ਦੁਆਰਾ ਸ਼ਿੰਗਾਰ ਰਸ ਦੀ ਉਤਪੱਤੀ ਹੁੰਦੀ ਹੈ। ਤਾਲਾਂ ਦੇ ਅਨੁਕੂਲ ਹੀ ਸ਼ਾਸਤਰੀ ਸੰਗੀਤ ਵਿਚ ਪਖਾਵਜ ਤਾਲਾਂ ਸਾਜ਼ਾਂ ਦਾ ਉਪਯੋਗ ਕੀਤਾ ਜਾਂਦਾ ਹੈ।

ਸ਼ਾਸਤਰੀ ਸੰਗੀਤ ਤੋਂ ਇਲਾਵਾ ਗੁਰਮਤਿ ਸੰਗੀਤ, ਸੁਗਮ ਸੰਗੀਤ, ਲੋਕ ਸੰਗੀਤ ਵਿਚ ਵੀ ਤਾਲ ਦਾ ਉਤਨਾ ਹੀ ਮਹੱਤਵਪੂਰਨ ਸਥਾਨ ਹੈ। ਇਥੋਂ ਤੱਕ ਕਿ ਕੋਈ ਵੀ ਸੰਗੀਤ ਪ੍ਰੋਗਰਾਮ ਤਾਲ ਤੋਂ ਬਿਨਾਂ ਅਧੂਰਾ ਹੈ। ਵਿਦਵਾਨਾਂ ਨੇ ਕਿਹਾ ਹੈ ਕਿ ਸਵਰ ਅਤੇ ਤਾਲ ਸੰਗੀਤ ਰੂਪੀ ਗੱਡੀ ਦੇ ਦੋ ਪਹੀਏ ਹਨ ਜਿਨ੍ਹਾਂ ਦੇ ਸੁਮੇਲ ਨਾਲ ਸੰਪੂਰਨ ਰਸ ਦੀ ਅਨੁਭੂਤੀ ਹੁੰਦੀ ਹੈ।

# ਸਪੀਕਰਾਂ ਦੀਆਂ ਚੀਕਾਂ

ਸਪੀਕਰਾਂ ਦੀਆਂ ਚੀਕਾਂ
ਸਵੇਰੇ ਜਾਗਦਿਆਂ ਕੰਨੀ ਪੈਂਦੀਆਂ
ਸਪੀਕਰਾਂ ਦੀਆਂ ਚੀਕਾਂ
ਸਿਰ ਪਾਟਦੈ ਸੁਣ ਸੁਣ ਕੇ ਤੇ,
ਸਪੀਕਰਾਂ ਦੀਆਂ ਚੀਕਾਂ
ਟੌਇਲਟ ਬੈਠੇ ਕੰਨੀ ਪੈਂਦੀਆਂ
ਸਪੀਕਰਾਂ ਦੀਆਂ ਚੀਕਾਂ
ਕੰਨਾਂ ਦੇ ਪੜਦੇ ਫਟ ਜਾਂਦੇ ਸੁਣ
ਸਪੀਕਰਾਂ ਦੀਆਂ ਚੀਕਾਂ
ਦੁਨੀਆਂ ਉਚਾ ਸੁਣਨ ਲੱਗ ਪਈ
ਸੁਣ ਸਪੀਕਰਾਂ ਦੀਆਂ ਚੀਕਾਂ,
ਮੰਦਿਰ ਚੀਕਾਂ ਮਸਜਿਦ ਚੀਕਾਂ,
ਗੁਰਦੁਆਰੇ ਵੀ ਚੀਕਾਂ
ਇੱਧਰ ਚੀਕਾਂ ਉਧਰ ਚੀਕਾਂ
ਜਿਧਰ ਵੇਖੋ ਚੀਕਾਂ
ਚੁਪ ਰਹਿ ਰਹਿ ਕੇ ਥਕ ਗਏ ਬੰਦੇ
ਹੁਣ ਲਾਉਂਦੇ ਨੇ ਚੀਕਾਂ
ਬੰਦੇ ਰਹਿ ਗਏ ਆਪ ਬੋਲਣੋਂ
ਹੁਣ ਸਪੀਕਰ ਲਾਉਂਦੇ ਚੀਕਾਂ
ਅੰਮ੍ਰਿਤ ਵੇਲਾ ਹੁੰਦੈ ਇਕਾਂਤ ਦਾ
ਏਹ ਲਾਂਦੇ ਨੇ ਚੀਕਾਂ
ਅੰਮ੍ਰਿਤ ਵੇਲਾ ਦੱਸਣ ਦੇ ਲਈ
ਭਾਈ ਲਾਉਂਦੇ ਚੀਕਾਂ
ਪੈਹਲਾਂ ਭਗਤੀ ਗੁਪਤ ਸੀ ਹੁੰਦੀ,
ਹੁਣ ਹੁੰਦੀ ਲਾ ਲਾ ਚੀਕਾਂ
ਸਾਂਈ ਨਾ ਬੈਹਰਾ ਹੋਇ ਮੁਲਾਂ
ਕਿਉਂ ਲਾਉਨਾ ਏਂ ਚੀਕਾਂ
ਦਿਲ ਹੀ ਭੀਤਰ ਖੋਜ ਤੂੰ ਮੁਲਾਂ
ਕਿਉਂ ਲਾਨੈ ਜੰਗਲੀਂ ਚੀਕਾਂ
ਸੁੱਤੇ ਲੋਕ ਜਗਾਵਣ ਲਈ
ਸਪੀਕਰ ਲਾਉਂਦੇ ਚੀਕਾਂ
ਰਾਮ ਦਾ ਨਾਮ ਜਪਾਵਣ ਲਈ
ਪੰਡਿਤ ਲਾਉਂਦੇ ਚੀਕਾਂ
ਦੇਵੀ ਦਾ ਜਗਰਾਤਾ ਕਰਕੇ
ਭਗਤ ਲਾਉਂਦੇ ਚੀਕਾਂ
ਫਿਲਮੀ ਗੀਤਾਂ ਦੀਆਂ ਤਰਜਾਂ ਤੇ
ਗਾਇਕ ਵੀ ਲਾਵੇ ਚੀਕਾਂ
ਗਲੀ ਗੁਆਂਢ ਦੇ ਰੋਗੀ ਸਾਰੇ
ਪਾਂਦੇ ਹਾਲ ਦਹਾਈ ਤੇ ਚੀਕਾਂ
ਹੱਥ ਜੋੜ ਜੋੜ ਤਰਲੇ ਕਰਦੇ,
ਇਹ ਕਦੋਂ ਮੁਕਣਗੀਆਂ ਚੀਕਾਂ
ਪਰ ਇਹਨਾਂ ਨੂੰ ਕੋਈ ਤਰਸ ਨਾ ਆਵੇ
ਲਾਈ ਜਾਂਦੇ ਨੇ ਚੀਕਾਂ
ਸਿੱਖ ਵੀ ਫਿਰ ਕਿਉਂ ਰੈਹ ਜਾਣ ਪਿਛੇ
ਸਵੇਰੇ ਲਾਉਣ ਤੋਂ ਚੀਕਾਂ
ਸਪੀਕਰ ਧਰ ਕੇ ਰੇਹੜੀ ਤੇ
ਇਹ ਵੀ ਲਾਉਂਦੇ ਚੀਕਾਂ
ਪ੍ਰਭਾਤ ਵੇਲੇ ਇਹ ਗਲੀਆਂ ਜਾ ਕੇ
ਰੱਬ ਜੀ ਲਈ ਕੱਢਦੇ ਚੀਕਾਂ
ਭਾਵੇਂ ਕਿਸੇ ਨੂੰ ਮੁਆਫਕ ਆਵੇ
ਤੇ ਮਾਰੇ ਭਾਵੇਂ ਚੀਕਾਂ
ਪਰ ਭਗਤੀ ਰਸ ਨੂੰ ਕੰਨੀ ਭਰਨਾ
ਸਪੀਕਰ ਦੀਆਂ ਕੱਢਕੇ ਚੀਕਾਂ
ਗੱਲ ਭਗਤੀ ਸੰਗੀਤ ਤੇ ਮੁਕਦੀ ਨਹੀਂ ਹੈ
ਹਰ ਪਾਸੇ ਹੀ ਚੀਕਾਂ
'ਰਤਨ' ਵੀ ਉੱਚਾ ਸੁਣਨ ਲੱਗ ਪਿਆ
ਦੁਨੀਆਂ ਦੀਆਂ ਸੁਣ ਸੁਣ ਚੀਕਾਂ

*- ਭਾਈ ਕਰਮ ਸਿੰਘ ਰਤਨ*
*3121, ਗਲੀ ਨੰ: 3, ਨਿਊ ਸ਼ਿਮਲਾ ਕਲੋਨੀ,*
*ਨੇੜੇ ਕੈਲਾਸ਼ ਨਗਰ, ਲੁਧਿਆਣਾ 141 007*

# GURU ARJUN-THE MARTYR EXTRAORDINARY

**Mahinder Singh**
S-314, Panch Shila Park
New Delhi 110 017

Sikhs all over the world would he observing the 397th martyrdom anniversary of their fifth Guru Arjan on the 16th June, 2003. He was the first martyr in the Sikh history. He was horn in Goindwal in 1963. He was the grandson of the third Sikh Guru Amar Das who on the birth of Guru Arjan had remarked "this grandson of mine will cruise people across the ocean of life". In Punjabi language it is *"Eh mera dohta duni da bohta hovega*". It is sad that Guru Arjan's elder brother Prithi Chand did not accept him as his father's successor failing to understand that the Sikh Guruship was awarded on merit and not on mere seniority of biological age. Prithi Chand was not reconciled and he continued his hostility towards Guru Arjan throughout his life.

One of the greatest contributions in history of Guru Arjan was the building of Harimandir (temple of God) which is known as the Golden Temple in Amritsar the Mecca of Sikhs. Guru Arjan had got laid down the foundation of the Harimandir by a Muslim divine Mian Mir. The Sikhs desired that the Hadmandir should be the tallest building in the town but Guru Arjan thought otherwise. He reminded his followers that there was no virtue like humility. The temple was, therefore, built on an elevation as low as possible. He also decided to have the new temple open on all four sides. Otherwise the Hindu temples always had only one entrance. So Guru Arjan gave a. new significance to the Golden Temple which is open for all *varnas* and people of the whole world. Foreign tourists who now visit the Golden Temple no doubt consider it as not only a wonder of India but of the whole world.

Guru Arjan's other great contribution was the compilation of the *Adigranth* or the Guru Granth Sahib which now is the everlasting spiritual or *'Shabad'* Guru of Sikhs. This undoubtedly was an important landmark in the history of the Sikhs. Guru Arjan's enemy brother Prithi Chand began to compile an anthology of 'sacred' writings in which he inserted compositions of his own. This made Guru Arjan realised the danger of such a spurious scripture, gaining currency. Therefore, Guru Arjan sent his trusted Sikhs like Bhai Piara and

others all over the country and he went personally to Goindwal, Khadur and Kartarpur to collect the authentic texts of the *Bani* (hymns) of the four Gurus preceding him. Guru Arjan also arranged to collect the hymns of other saints both Hindus and Muslims of different regions and times of our sub-continent like Muslim Sheikh Farid of Punjab, Sadhna from Sind in the west now forming part of Pakistan, Bhagat Kabir of Uttar Pradesh, Bhagat Namdev of Maharashtra, Bhagat Sein of Madhya Pradesh, Bhagat Bhikhan and Jaidev. So the Guru Granth Sahib is a unique anthology of 5894 sacred writings of 36 holy men of Indian subcontinent and who were associated with different religions, communities, castes, creeds and professions as Bhagat Ravidas whose writings have been included in the Guru Granth Sahib was a cobbler and Bhagat Sadhna was a butcher. Such persons for centuries were regarded and treated as outcasts and untouchables. As such, no other religion or scripture shows such catholicity of outlook in bringing together views of such diverse tenets of the faith of whose scripture they now form an integral part and to which all adherents of that faith bow daily in reverence without thinking for a moment whether they are paying their obeisance to the holy utterances of their own prophet Guru Nanak or to a Muslim Sheikh Farid. In short this volume is an ocean of God's praises and of high moral and spiritual values. Guru Granth Sahib does not contain any account of lives of Gurus or of any rituals, empty ceremonials, mythological stories, superstitions or anything of a sectarian nature. So naturally Guru Arjan by compiling Guru Granth Sahib attracted the faith of many seekers of truth and the number of Sikhs began to swell.

This annoyed Guru's enemies of whom one was also a rich Hindu banker of Delhi named Chandu Shah who wanted to get married his daughter to Har Gobind the son of Guru Arjan. Then this rich Chandu Shah was so proud and arrogant by remarking that he was like the highest storey of a Palace while Guru Arjan was the 'gutter', So naturally Guru Arjan spurned the offer of Chandu Shah saying that the daughter of a rich man like Chandu Shah will not fit in the house of a 'dervish' like Guru Arjan. Chandu Shah reported to the then Mughal Emperor Akbar that the Granth Sahib which Guru Arjan has compiled contains derogatory references to Muslim and Hindu prophets and saints. Emperor Akbar ordered the Guru and the Holy Granth to be brought to him. Guru Arjan sent his two intellectuals Bhai Budha and Bhai Gurdas to the Mughal court with

a copy of the Holy Granth. When the Holy Book was opened, the first hymn that was read was *'From earth and light God made the world. The sky, earth, trees and water are God's creaflon. 0 man, whatever the eye can behold is perishable. The world is an eater of carrion, neglectful of God and greedy of mammon. Like an ogre or a beast it killeth and eateth forbidden food. Restrain thy heart, or the Omnipresent will take and punish thee in hell".* Emperor Akbar heard it and he was fully satisfied. He had always looked upon the Sikh Gurus as social reformers and believers in unity of God and the brotherhood of mankind. But Chandu Shah was too wicked to be satisfied. He told Emperor Akbar that Bhai Gurdas, who had read the hymn, had done so from memory and had not read the text from the Holy Granth. He therefore got one Sahib Dyal from the town and made him read for them another piece from a page of his own choice. The hymn read out this time was *"Some call thee Ram others Khuda, some serve thee as Gosain, others as Allah. But 0 Beneficent Lord, thou art only Doer and the cause. So Bless me Thou with Thy Mercy, 0 Compassionate one. Some go to the Hindu holy places, others go to perform Hajj, some offer the obligations, while others bow* down *before thee. Some read the Vedas, others the Semitic Texts. Some are roled in white, others in blue. Some are called Turks, others are termed Hindus, some seek the (Hindu) Heaven, others the (Muslim) paradise. Says Nanak, He, who realises the Will of the Lord. He alone knows the mystery of' the one, all powerful God".* Emperor Akbar was so pleased to hear these hymns, he not only dismissed the plea of the Guru's enemies but paid a great compliment to the Holy Granth. He then made an offering of fifty-one gold *mohars* and gave Bhai Buddha and Bhai Gurdas dresses of honour for themselves and a third for Guru Arjan. Akbar was a tolerant ruler and continued to hold Guru Arjan in high esteem. Unfortunately, a monarch of vision like Akbar did not live long. He was followed on the throne by his son Jehangir. Akbar had, however, nominated his grandson Khusro to succeed him.

After the death of Akbar comes a new era in the relationship between the Sikh Gurus and the Mughals. Jehangir's son Khusro revolted and claimed the possession of the Punjab and Afghanistan which his father was unwilling to concede to him. Khusro was confined in Agra Fort but he escaped and visited Guru Arjan at Tarn Taran. Guru Arjan only provided him with food, from the Guru's langar which is open to

all wayfarers. There is no reference to *tilak* or blessing or any financial help for which Jehangir charged Guru Arjan. Jehangir also levied a fine of rupees two lakhs and asked the Guru to revise the Holy Granth deleting all references to Islam and Hinduism figuring in it. But Guru Arjan told Jehangir that his money was the sacred trust of the Sikh community and the hymns in the Holy Granth were a revelation in praise of God and no one dare alter them. Jehangir confiscated Guru *Arjan's* property and sentenced him to a torturous death i.e. *yasa-o-siyvasat.* So, as such, Guru Arjan was tortured for five long days. Guru Arian was made to sit in a hot couldron for hours together and burning sand was poured on his head. His body was full of blisters. After five days of suffering Guru Arjai was threatened to be sewed up alive in the fresh hide of a cow. Due to this, as referred to by some of the traditions, the Guru asked permission to bathe into river Ravi. He had his final bath in the Ravi and never returned. This brought an end to his life in the month of June 1606.

But for Sikhs Guru Arjan will remain alive for all times to come. Mian Mir, the Muslim divine of Lahore who had laid the foundation stone of the Golden Temple begged the Guru to allow him to use his mystic power to undo those who who were responsible for the suffering inflicted upon him but Guru had told him that one must accept the Will of God as not even a leaf moves if God doesn't ordain it. So one must accept the Will of God. Guru Arjan had *said." Sweet is your will O God, the gift of your Name I seek".* Guru Arjan's humility is unparalleled. He will ever be remembered as a symbol of peace and non-violence.

# ਸੁਰ ਲਿਪੀਆਂ

ਡਾ. ਗੁਰਨਾਮ ਸਿੰਘ

ਪੰਜਾਬੀ ਯੂਨੀਵਰਸਿਟੀ, ਪਟਿਆਲਾ

**SIREE** **Raagaa wich Sreeraag hai je sach dhare piaar.**
**Sadda har sach man wasai nihchal mat apaar**
***(Sri Guru Granth Sahib, 83).***

Siree raaga occupies a prime place in the musicological system of Sri Guru Granth Sahib. In this raaga Gandhar dhaiwat notes are komal, madhyam teever and all other swaras are in their shudha form but gandhar is omitted in its ascent.

**Vaadee-Samvaadee:** Rishabh-Pancham
**Thaat:** Poorvee
**Time:** Dawn
**Jaatee:** Aurhav-Sampooran

Aroh : S r, m P, N Ṡ.
Avroh : Ṡ N d P, m G r, S.
Mukh Ang : S, $^{S}r$ $^{G}r$, P, P m G r, $^{G}r$ $^{S}r$, S.
Sur Vistaar : 1. S, S $^{S}r$ $^{G}r$, S, G r m G r, S, S r, m P m d m G r, G r Ṇ r S.
2. S, r G r, r r m P, m P N Ṡ ṙ ṁ Ṗ, ṁ Ġ ṙ, Ṡ, ṙ N d P, m P m d P, P m d m G r, G r, Ṇ r S.

### ੴ * *SATGUR PARSAAD*

### *RAAG SIREE RAAG MAHALAA PAIHLAA 1 GHAR 1*

**Motee ta mandar oosareh ratnee ta hohi jarhaao.**
**Kastoor kungoo agar chandan leep aavai chaao.**
**Mat dekh bhoolaa weesrai teraa chit na aavai naao. 1.**
**Har bin jeeo jal bal jaao.**
**Mai aapnhaa gur poochh dekhiaa avar naahee thaao. 1. Rahaao.**
**Dhartee ta heere laal jarhtee palagh laal jarhaao.**
**Mohanee mukh manhee sohai kare rang pasaao.**
**Mat dekh bhoolaa weesarai teraa chit na aavai naao. 2.**
**Sidh hovaa sidh laaee ridh aakhaa aao.**
**Gupt pargat hoe baisaa lok raakhai bhaao.**
**Mat dekh bhoolaa weesrai teraa chit na aavai naao. 3.**
**Sultaan hovaa mel laskar takht raakhaa paao.**
**Hukam haasal karee baithhaa Naanakaa sabh waao.**
**Mat dekh bhoolaa weesarai teraa chit na aavai naao. 4.**
***(Sri Guru Granth Sahib, 14)***

## RAAGA SIREE　　　　　　　　　　　　　　　　　　TEENTAAL

| x | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| *SATHAAEE* | | | | Sr | ṆS | P | P | m | d | m | m | G | r | - | S |
| | | | | *HA* | *R-* | *BI* | *N* | *JEE* | - | *O* | *JA* | *L* | *BA* | - | *L* |
| $^{S}r$ | - | - | $^{G}r$ | - | - | - | - | S | Ṇ | ḍ | P̣ | ṃ | P̣ | N | S |
| *JAA* | - | - | *O* | - | - | - | - | *MAI* | - | *AA* | *P* | *NHAA* | - | *GU* | *R* |
| - | S | - | Ṇ | r | r | S | - | - | S | P | P | m | d | m | G |
| - | *POO* | - | *CHH* | *DE* | *KHE* | *AA* | - | - | *A* | *VA* | *R* | *NAA* | - | *HEE* | - |
| $^{G}r$ | - | $^{S}r$ | - | | | | | | | | | | | | |
| *THAA* | - | *O* | - | | | | | | | | | | | | |
| *ANTRAA* | | | | | | | | - | m | m | P | N | - | Ṡ | Ṡ |
| | | | | | | | | - | *MO* | *TEE* | *TA* | *MAN* | - | *DA* | *R* |
| - | Ṡ | - | n | ṙ | - | Ṡ | - | - | ṙṙ | ṙ | ṙ | $^{r}N$ | - | $^{N}\dot{r}$ | - |
| - | *OO* | - | *SA* | *REH* | - | - | - | - | *RAT* | *NEE* | *TA* | *HO* | - | *HE* | - |
| - | ṙ | Ġ | ṙ | N | ṙ | Ṡ | - | - | mm | P | P | N | - | Ṡ | - |
| - | *JA* | *RHAA* | - | *O* | - | - | - | - | *KAS* | *TOO* | *R* | *KUN* | - | *GOO* | - |
| - | Ṡ | Ṡ | N | ṙ | - | Ṡ | Ṡ | - | ṙ | - | ṙ | $^{r}N$ | - | $^{N}\dot{r}$ | - |
| - | *A* | *GA* | *R* | *CHAN* | - | *DA* | *N* | - | *LEE* | - | *P* | *AA* | - | *VAI* | - |
| - | ṙ | Ġ | ṙ | N | ṙ | Ṡ | - | Ṡ | N | d | P | P | - | m | G |
| - | *CHAA* | - | - | *O* | - | - | - | *MA* | *T* | *DE* | *KH* | *BHOO* | - | *LAA* | - |
| - | r | G | r | S | - | - | - | SS | P | P | P | m | d | m | G |
| *WEE* | - | - | *S* | *RAI* | - | - | - | *TERA* | *CHI* | *T* | *NAA* | *AA* | - | *VAI* | - |
| $^{G}r$ | - | - | $^{S}r$ | | | | | | | | | | | | |
| *NAA* | - | - | *O* | | | | | | | | | | | | |

* Please perform shabad keertan of the remaining *Antras* on the above notation.

## सिरी

*रागा विचि स्रीरागु है जे सचि धरे पिआरु।।*
*सदा हरि सचु मनि वसै निहचल मति अपारु।।*

*(श्री गुरु ग्रंथ साहिब, ८३)*

सिरी राग को श्री गुरु ग्रंथ साहिब के संगीत प्रबन्ध के अंतर्गत रागात्मिक वाणी में प्रथम स्थान प्राप्त है। इस राग में गंधार धैवत कोमल तथा मध्यम तीव्र प्रयोग होता है। इसके आरोह में गंधार वर्जित है।

**वादी-संवादी:** ऋषभ-पंचम — थाट: पूर्वी

समय: सायं कालीन संधि प्रकाश — जाति : औड़व-सम्पूर्ण

आरोह : स रें, मं प, नी सं।
अवरोह : सं नी ध़ु प, मं ग रे़, स।
मुख्य अंग : स, रे रे, प, प मं ग रे, रे रे, स।
स्वर विस्तार : 1. स, स रे रे, स, ग रे मं ग रे, स, स रे, मं प मं धु मं ग रे, ग रे नी रे स।
2. स, रे ग रे, रे रे मं प, मं प नी सं रें मं पं, मं गं रें, सं, रें नी धु प,
मं प मं धु प, प मं धु मं ग रे, ग रे, नी रे स।

### ੧ੳ * सतिगुर प्रसादि

### रागु सिरीरागु महला पहिला १ घरु १

मोती त मंदर ऊसरहि रतनी त होहि जड़ाउ।।
कसतूरि कुंगू अगरि चंदनि लीपि आवै चाउ।।
मतु देखि भूला वीसरै तेरा चिति न आवै नाउ।।१।।
हरि बिनु जीउ जलि बलि जाउ।।
मै आपणा गुरु पूछि देखिआ अवरु नाही थाउ।।१।। रहाउ।।
धरती त हीरे लाल जड़ती पलघि लाल जड़ाउ।।
मोहणी मुखि मणी सोहै करे रंगि पसाउ।।
मतु देखि भूला वीसरै तेरा चिति न आवै नाउ।।२।।
सिधु होवा सिधि लाई रिधि आखा आउ।।
गुपतु परगटु होइ बैसा लोकु राखै भाउ।।
मतु देखि भूला वीसरै तेरा चिति न आवै नाउ।।३।।
सुलतानु होवा मेलि लसकर तखति राखा पाउ।।
हुकमु हासलु करी बैठा नानका सभ वाउ।।
मतु देखि भूला वीसरै तेरा चिति न आवै नाउ।।४।।

*(श्री गुरु ग्रंथ साहिब, १४)*

## राग सिरी

## तीनताल

| × | | | | 2 | | | | 0 | | | | 3 | | | |
|---|---|---|---|---|---|---|---|---|---|---|---|---|---|---|---|
| स्थाई | | | | सुरे | नीस | प | प | मं | धु | मं | मं | ग | रे | – | स |
| | | | | हउ | रिउ | बि | नु | जी | ऽ | उ | ज | लि | ब | ऽ | लि |
| सरे | – | – | सरे | – | – | – | – | स | नी | धु | प | मं | प | नी | स |
| जा | ऽ | ऽ | उ | ऽ | ऽ | ऽ | ऽ | मै | ऽ | आ | प | णा | ऽ | गु | रु |
| – | स | – | नी | रे | रे | स | – | – | स | प | प | मं | धु | मं | ग |
| ऽ | पू | ऽ | छि | दे | खि | आ | ऽ | ऽ | अ | व | रु | ना | ऽ | ही | ऽ |
| सरे | – | सरे | – | | | | | | | | | | | | |
| था | ऽ | उ | ऽ | | | | | | | | | | | | |
| अंतरा | | | | | | | | – | मं | मं | प | नी | – | सं | सं |
| | | | | | | | | ऽ | मो | ती | त | मं | ऽ | द | र |
| – | सं | – | नी | रें | – | सं | – | – | रेंरें | रें | रें | रेंनी | – | सरें | – |
| ऽ | ऊ | ऽ | स | रहि | ऽ | ऽ | ऽ | ऽ | रत | नी | त | हो | ऽ | हि | – |
| – | रें | गं | रें | नी | रें | सं | – | – | मंमं | प | प | नी | – | सं | – |
| ऽ | ज | ड़ा | ऽ | उ | ऽ | ऽ | ऽ | ऽ | कुस | तु | रि | कुं | ऽ | गू | ऽ |
| – | सं | सं | नी | रें | – | सं | सं | – | रें | – | रें | रेंनी | – | सरें | – |
| ऽ | अ | ग | रि | चं | ऽ | द | नि | ऽ | ली | ऽ | पि | आ | ऽ | वै | ऽ |
| – | रें | गं | रें | नी | रें | सं | – | सं | नी | धु | प | प | – | मं | ग |
| ऽ | चा | ऽ | ऽ | उ | ऽ | ऽ | ऽ | म | तु | दे | खि | भू | ऽ | ला | ऽ |
| – | रे | ग | रे | स | – | – | – | सस | प | प | प | मं | धु | मं | ग |
| ऽ | वी | ऽ | स | रै | ऽ | ऽ | ऽ | तेरा | चि | ति | न | आ | ऽ | वै | ऽ |
| सरे | – | – | सरे | | | | | | | | | | | | |
| ना | ऽ | ऽ | उ | | | | | | | | | | | | |

( Courtesy: *Sikh Musicology* )

# ਆਓ ਕੁਝ ਕਰੀਏ

## Sikh Humanitarian Society (Regd.)

The society has been set up in 2002 with a view to impart absolutely free education mainly to girl students. The society is running a Vidya Kender in a backward area of west Delhi (Rohini) where, at the moment nearly 125 girl students + 50 young boys (up to the age of 10) are receiving the following education absolutely free

1) Gurmukhi and English 2) Gurbani

3) Kirtan. (including playing Harmonium & Tabla)

4) Tailoring 5) Embroidery

As the financial support grows, we plan to expand this Kender and add some more additional courses later, which will include various academic courses through correspondence. This is a non-residential institution at present and the students from nearby vicinity are availing the privilege, but it is the ambition of the society to setup an absolutely free residential institution as early as possible.

A proper system of account is being maintained and a Bank A/c in the name of the society has been opened at Punjab and Sindh'Bank, Janak Puril New Delhi. The accounts will be regularly audited by a chartered accountant. Efforts are on to obtain exemption from Income Tax Authorities so that donors can claim the tax rebate under appropriate clause.

The society is headed by Chief Justice (Retd.) R.S. Narula and consists of retired professionals and devotees and are rendering honorary sewa. Qualified staff has been engaged to impart the education in respective courses under taken at present.

Registered office of the society is located at WZ-169 B, First Floor, Street No. 5, Varinder Nagar, New Delhi.

The contact number in operation is (Mobile) : 11-32006739.

Any information or further enquiry can be made at the above telephone number.